Rozana Savera
Wednesday
18 MAY 2022

ਪੰਜਾਬੀਆਂ ਦੇ ਹੱਕ ਦੀ ਆਵਾਜ਼

# ਰੋਜ਼ਾਨਾ ਸਵੇਰਾ

Monthly Newspaper

FOLLOW US:-
On Our Social Network
/Rozanasaveratv
/Rozanasaveratv
/Rozanasaveratv
/tvsavera

Bathinda ਬੁੱਧਵਾਰ, 18 ਮਈ 2022 ਅੰਕ-2 ਨਾਨਕਸ਼ਾਹੀ ਸੰਮਤ : 554 ਪੰਨੇ : 8 ਮੁੱਲ: ₹5.00 RNI.T-Code.PUNPUN04267

www.epaper.rozanasavera.com ਮੁੱਖ ਸੰਪਾਦਕ- ਰਮਨਪ੍ਰੀਤ ਸਿੰਘ www.rozanasavera.com


## ਮੁੱਖ ਮੰਤਰੀ ਵੱਲੋਂ ਆਪਣੀ ਕਿਸਮ ਦੇ ਪਹਿਲੇ ਨਿਵੇਕਲੇ ਪ੍ਰੋਗਰਾਮ 'ਲੋਕ ਮਿਲਣੀ' ਦੀ ਸ਼ੁਰੂਆਤ

### ➢ ਉਪਰਾਲੇ ਦਾ ਉਦੇਸ਼ ਲੋਕਾਂ ਦੀਆਂ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕਰਨਾ
### ➢ ਭਗਵੰਤ ਮਾਨ ਵੱਲੋਂ ਲੋਕਾਂ ਨੂੰ ਰਾਹਤ ਦੇਣ ਲਈ ਲੜੀਵਾਰ ਨਿਰਦੇਸ਼ ਜਾਰੀ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਲੋਕਾਂ ਦੀਆਂ ਸ਼ਿਕਾਇਤਾਂ ਦਾ ਮੌਕੇ 'ਤੇ ਨਿਪਟਾਰਾ ਕਰਨ ਲਈ ਆਪਣੀ ਸਰਕਾਰ ਦੇ ਪਹਿਲੇ ਨਿਵੇਕਲੇ ਪ੍ਰੋਗਰਾਮ 'ਲੋਕ ਮਿਲਣੀ' ਦਾ ਆਗਾਜ਼ ਕੀਤਾ।

ਇੱਥੇ ਪੰਜਾਬ ਭਵਨ ਵਿਖੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਇਹ ਮੇਰੀ ਸਰਕਾਰ ਦਾ ਇੱਕ ਨਿਮਾਣਾ ਜਿਹਾ ਉਪਰਾਲਾ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਲੰਮੇ ਸਮੇਂ ਤੋਂ ਲਟਕਦੇ ਪ੍ਰਸ਼ਾਸਨਿਕ ਮੁੱਦਿਆਂ ਨੂੰ ਹੱਲ ਕਰਨ ਲਈ ਸਹੂਲਤਾਂ ਮੁੱਹਈਆ ਕਰ ਸਕੀਏ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਪ੍ਰੋਗਰਾਮ ਦਾ ਉਦੇਸ਼ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਫੌਰੀ ਨਿਪਟਾਉਣ ਨੂੰ ਯਕੀਨੀ ਬਣਾਉਣਾ ਹੈ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਉੱਚ ਅਧਿਕਾਰੀ ਇਸ 'ਲੋਕ ਮਿਲਣੀ' ਦੌਰਾਨ ਉਨ੍ਹਾਂ ਦੇ ਨਾਲ ਹਨ ਤਾਂ ਜੋ ਲੋਕਾਂ ਵੱਲੋਂ ਉਠਾਏ ਗਏ ਮਾਮਲਿਆਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਜਾਵੇ। ਭਗਵੰਤ ਮਾਨ ਨੇ ਕਿਹਾ ਕਿ ਇਸ ਉਪਰਾਲੇ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਖੱਜਲ ਖੁਆਰ ਨਾ ਹੋਣਾ ਪਵੇ। ਪੰਜਾਬ ਭਵਨ ਵਿਖੇ ਇਸ 'ਲੋਕ ਮਿਲਣੀ' ਦੌਰਾਨ 61 ਸ਼ਿਕਾਇਤਕਰਤਾਵਾਂ ਨੇ ਮੁੱਖ ਮੰਤਰੀ ਅੱਗੇ ਆਪਣੀਆਂ ਸ਼ਿਕਾਇਤਾਂ ਰੱਖੀਆਂ। ਉਨ੍ਹਾਂ ਨੇ ਇਸ ਮੌਕੇ ਹਾਜ਼ਰ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ



ਇਨ੍ਹਾਂ ਸ਼ਿਕਾਇਤਾਂ ਦਾ ਸਮਾਂਬੱਧ ਅਤੇ ਨਤੀਜਾ ਮੁਖੀ ਢੰਗ ਨਾਲ ਤੁਰੰਤ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ। ਭਗਵੰਤ ਮਾਨ ਨੇ ਕਿਹਾ ਕਿ ਉਹ ਹਰ ਹਫ਼ਤੇ ਨਿੱਜੀ ਤੌਰ 'ਤੇ ਇਨ੍ਹਾਂ ਸ਼ਿਕਾਇਤਾਂ ਦੀ ਪ੍ਰਗਤੀ ਦੀ ਨਿਗਰਾਨੀ ਕਰਨਗੇ।ਉਨ੍ਹਾਂ ਕਿਹਾ ਕਿ ਇਸ ਕੰਮ ਦੀ ਪ੍ਰਕਿਰਿਆ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਦੌਰਾਨ ਇੱਕ ਸ਼ਿਕਾਇਤ ਦਾ ਨਿਪਟਾਰਾ ਕਰਦਿਆਂ ਮੁੱਖ ਮੰਤਰੀ ਨੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਵਿਭਾਗ ਨੂੰ ਯੋਗ ਲਾਭਪਾਤਰੀਆਂ ਨੂੰ 'ਸ਼ਗਨ ਸਕੀਮ' ਦੇ ਬਕਾਇਆ ਪਏ ਬਕਾਏ ਤੁਰੰਤ ਜਾਰੀ ਕਰਨ ਲਈ ਆਖਿਆ।

ਇਕ ਹੋਰ ਸ਼ਿਕਾਇਤ 'ਤੇ ਭਗਵੰਤ ਮਾਨ ਨੇ ਜਲ ਸਰੋਤ ਵਿਭਾਗ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਹਰੇਕ ਲਾਭਪਾਤਰੀ ਨੂੰ ਬਿਨਾਂ ਕਿਸੇ ਪੱਖਪਾਤ ਦੇ ਪੀਣ ਵਾਲੇ ਪਾਣੀ ਦੀ ਸਪਲਾਈ ਕੀਤੀ ਜਾਵੇ। ਡਾ: ਸੀਮਾ ਰਾਣੀ, ਜਿਸ ਦੇ ਪਤੀ ਦਾ ਕਰੀਬ ਦੋ ਸਾਲ ਪਹਿਲਾਂ ਕੋਵਿਡ-19 ਮਹਾਂਮਾਰੀ ਦੌਰਾਨ ਦਿਹਾਂਤ ਹੋ ਗਿਆ ਸੀ, ਦੀ ਸ਼ਿਕਾਇਤ 'ਤੇ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਸਰਕਾਰ ਦੀ ਨੀਤੀ ਅਨੁਸਾਰ ਉਸ ਨੂੰ ਜਲਦੀ ਤੋਂ ਜਲਦੀ ਨੌਕਰੀ ਦੇਣ ਨੂੰ ਯਕੀਨੀ ਬਣਾਉਣ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨਸ਼ਿਆਂ ਦੀ ਅਲਾਮਤ ਪ੍ਰਤੀ ਨਾ ਸਹਿਣਯੋਗ ਵਤੀਰਾ ਅਪਣਾ ਰਹੀ ਹੈ ਅਤੇ ਇਸ ਲਾਹਨਤ ਦਾ ਸੂਬੇ ਵਿੱਚੋਂ ਸਫਾਇਆ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੁਲਿਸ ਭਰਤੀ ਪ੍ਰੀਖਿਆ ਦਾ ਨਿਰਪੱਖ ਅਤੇ ਪਾਰਦਰਸ਼ੀ ਨਤੀਜਾ ਜਲਦ ਹੀ ਐਲਾਨਿਆ ਜਾਵੇਗਾ ਅਤੇ ਚੁਣੇ ਗਏ ਉਮੀਦਵਾਰਾਂ ਨੂੰ ਜਲਦੀ ਹੀ ਨਿਯੁਕਤੀ ਪੱਤਰ ਦਿੱਤੇ ਜਾਣਗੇ। ਭਗਵੰਤ ਮਾਨ ਨੇ ਲੋਕਾਂ ਦੀਆਂ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਲਈ ਵੱਖ-ਵੱਖ ਵਿਭਾਗਾਂ ਨੂੰ ਕਈ ਹਦਾਇਤਾਂ ਵੀ ਜਾਰੀ ਕੀਤੀਆਂ।

ਇਸ ਦੌਰਾਨ ਮੁੱਖ ਮੰਤਰੀ ਨਾਲ 'ਲੋਕ ਮਿਲਣੀ' ਵਿੱਚ ਸ਼ਾਮਲ ਹੋਏ ਲੋਕਾਂ ਨੇ ਨਾਗਰਿਕਾਂ ਨੂੰ ਤੁਰੰਤ ਰਾਹਤ ਦੇਣ ਲਈ ਭਗਵੰਤ ਮਾਨ ਸਰਕਾਰ ਦੇ ਇਸ ਨੇਕ ਅਤੇ ਲੋਕ ਪੱਖੀ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਮੁੱਖ ਸਕੱਤਰ ਅਨਿਰੁਧ ਤਿਵਾੜੀ, ਡਾਇਰੈਕਟਰ ਜਨਰਲ ਆਫ਼ ਪੁਲਿਸ ਵੀ.ਕੇ.ਭਾਵਰਾ, ਵਧੀਕ ਮੁੱਖ ਸਕੱਤਰ ਸੀਮਾ ਜੈਨ, ਸਰਬਜੀਤ ਸਿੰਘ, ਅਨੁਰਾਗ ਅਗਰਵਾਲ ਅਤੇ ਅਨੁਰਾਗ ਵਰਮਾ, ਪ੍ਰਮੁੱਖ ਸਕੱਤਰ ਤੇਜਵੀਰ ਸਿੰਘ, ਆਰ.ਕੇ.ਗੈਂਟਾ, ਅਲੋਕ ਸ਼ੇਖਰ, ਵਿਵੇਕ ਪ੍ਰਤਾਪ ਸਿੰਘ, ਸਕੱਤਰ ਗੁਰਕਿਰਤ ਕ੍ਰਿਪਾਲ ਸਿੰਘ, ਸੁਮੇਧ ਸਿੰਘ ਗੁਰਜਰ ਤੇ ਅਜੋਏ ਸ਼ਰਮਾ ਆਦਿ ਵੀ ਹਾਜ਼ਰ ਸਨ।

## ਲਹਿਰਾ ਮੁਹੱਬਤ ਦੇ ਥਰਮਲ ਪਲਾਂਟ ਵਿੱਚ 66 ਕੇਵੀ ਗਰਿੱਡ ਨੂੰ ਲੱਗੀ ਅੱਗ, ਬਿਜਲੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ

**ਰਾਮਪੁਰਾ ਫੂਲ, -ਜਸਵੀਰ ਔਲਖ-**
**-ਰੋਜ਼ਾਨਾ ਸਵੇਰਾ-**

ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ 66 ਕੇ ਵੀ ਗਰਿੱਡ ਨੂੰ ਦੇਰ ਰਾਤ ਅੱਗ ਲੱਗ ਗਈ ਜਿਸ ਕਾਰਨ ਅੱਗ ਦੀਆਂ ਵੱਡੀਆਂ ਵੱਡੀਆਂ ਲਪਟਾਂ ਨਿਕਲਣ ਲੱਗ ਗਈਆਂ। ਇਸ ਗਰਿੱਡ ਦੀ ਸਪਲਾਈ ਮੁਲਾਜ਼ਮਾਂ ਦੇ ਰਿਹਾਇਸ਼ੀ ਖੇਤਰ ਨੂੰ ਜਾਂਦੀ ਹੈ ਜੋ ਬੁਰੀ ਤਰ੍ਹਾਂ ਪ੍ਰਭਾਵਤ ਹੋ ਗਈ। ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਇਸ ਗਰਿੱਡ ਵਿਚ ਕਿਸੇ ਮੁਲਾਜ਼ਮ ਦੀ ਕੋਈ ਡਿਊਟੀ ਨਹੀਂ ਹੈ। ਜਦੋਂ ਕਿ ਗਰਿੱਡ ਵਿਚ ਚਾਰ ਸ਼ਿਫਟਾਂ ਤੇ ਏ ਬੀ ਸੀ ਡੀ ਮੁਲਾਜ਼ਮਾਂ ਦੀ ਡਿਊਟੀ ਬਣਦੀ ਹੈ ਅਤੇ ਜਰਨਲ ਸ਼ਿਫਟ ਵਿਚ 9 ਤੋਂ 5 ਮੁਲਾਜ਼ਮ ਦੀ ਡਿਊਟੀ ਬਣਦੀ ਹੈ। ਗਰਿੱਡ ਵਿੱਚ ਮੁਲਾਜ਼ਮਾਂ ਦੀ ਘਾਟ ਕਾਰਨ ਪਿਛਲੇ ਦੋ ਸਾਲਾਂ ਤੋਂ ਗੇਟ ਨੂੰ ਜਿੰਦਰਾ ਲੱਗਿਆ ਹੋਇਆ ਹੈ ਅਗਰ ਕੋਈ ਫਾਲਟ ਪੈ ਜਾਵੇ ਤਾਂ ਮੇਨ ਪਲਾਂਟ ਵਿੱਚੋਂ ਮੁਲਾਜ਼ਮ ਆ ਕੇ ਠੀਕ ਕਰਦਾ ਹੈ। ਬੀਤੇ ਦਿਨੀਂ ਥਰਮਲ ਪਲਾਂਟ ਦੇ ਰਾਖ ਵਾਲੇ ਪਲਾਂਟ ਦੇ ਟੁੱਟ ਜਾਣ ਕਾਰਨ ਸੀਐਮਡੀ ਬਲਦੇਵ ਸਿੰਘ ਸਰਾਂ ਵਿਸ਼ੇਸ਼ ਤੌਰ ਤੇ ਪਹੁੰਚੇ ਸਨ ।

## ਬਠਿੰਡਾ ਪਹੁੰਚੇ ਨਵਜੋਤ ਸਿੱਧੂ ਨੇ ਨਸ਼ਿਆਂ ਖ਼ਿਲਾਫ਼ ਘੇਰੀ 'ਆਪ' ਸਰਕਾਰ, ਪੰਜਾਬ ਸਰਕਾਰ 'ਤੇ ਕੀਤੇ ਤਿੱਖੇ ਹਮਲੇ

**ਬਠਿੰਡਾ -ਜਸਵੀਰ ਔਲਖ-**
**-ਰੋਜ਼ਾਨਾ ਸਵੇਰਾ-**

ਸਾਬਕਾ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨਸ਼ੇ ਕਾਰਨ ਹੋਈ ਨੌਜਵਾਨ ਦੀ ਮੌਤ ਦੇ ਦੁੱਖ ਦਾ ਪ੍ਰਗਟਾਵਾ ਕਰਨ ਬਠਿੰਡਾ ਵਿਖੇ ਪਹੁੰਚੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਨਸ਼ਿਆਂ ਖ਼ਿਲਾਫ਼ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਬਚਾਇਆ ਜਾ ਸਕੇ। ਉਨ੍ਹਾਂ ਪੰਜਾਬ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਪੰਜਾਬ 'ਚੋਂ ਨਸ਼ਾ ਖ਼ਤਮ ਕਰਨ ਲਈ ਸਰਹੱਦੀ ਏਰੀਏ 'ਤੇ ਸਕੈਨਰ ਲਗਾਏ ਜਾਣੇ ਚਾਹੀਦੇ ਹਨ ਤਾਂ ਜੋ ਨਸ਼ਾ ਵੇਚਣ ਵਾਲੇ ਵੱਡੇ ਮਗਰਮੱਛਾਂ ਨੂੰ ਫੜਿਆ ਜਾਵੇ। ਉਨ੍ਹਾਂ ਪੰਜਾਬ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਝੂਠੀਆਂ ਗਾਰੰਟੀਆਂ ਦਿੱਤੀਆਂ ਹਨ। ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਖਾਣ ਦੇ ਦੰਦ ਹੋਰ ਅਤੇ ਦਿਖਾਉਣ ਦੇ ਹੋਰ ਹਨ। ਸੱਤਾ ਹਾਸਲ ਕਰਨ ਤੋਂ ਪਹਿਲਾਂ ਕਿਹਾ ਕੁਝ ਸੀ ਅਤੇ ਹੁਣ ਕਰ ਕੁਝ ਹੋਰ ਰਹੇ ਹਨ।

ਸੁਨੀਲ ਜ਼ਾਖੜ 'ਤੇ ਬੋਲਦੇ ਹੋਏ



ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਤਿੰਨ ਪੀੜ੍ਹੀਆਂ ਤੋਂ 50 ਸਾਲ ਦਾ ਸੰਬੰਧ ਕੁਝ ਮਿੰਟਾਂ 'ਚ ਟੁੱਟ ਗਿਆ। ਸਿੱਧੂ ਨੇ ਕਿਹਾ ਕਿ ਉਨ੍ਹਾਂ ਨੂੰ ਤਾਂ ਕੋਈ ਫਰਕ ਨਹੀਂ ਪੈਂਦਾ ਚਾਹੇ ਉਨ੍ਹਾਂ ਬਾਰੇ ਜਿਹੜਾ ਕੋਈ ਮਰਜ਼ੀ ਬੋਲਦਾ ਰਹੇ। ਸਿੱਧੂ ਨੇ ਸ਼ਾਇਰੀ ਅੰਦਾਜ਼ 'ਚ ਬੋਲਦਿਆਂ ਕਿਹਾ ਕਿ ਬੇਕਦਰੋਂ ਕੇ ਸਾਥ ਯਾਰੀ ਲਗਾਈ ਥੀ ਜੋ ਪਲ ਭਰ ਮੇਂ ਟੂਟ ਗਈ। ਨਾਜਾਇਜ਼ ਕਬਜਿਆਂ ਬਾਰੇ ਬੋਲਦਿਆਂ ਸਿੱਧੂ ਨੇ ਕਿਹਾ ਕਿ ਪੰਚਾਇਤੀ ਜਗ੍ਹਾ ਖਾਲੀ ਕਰਵਾਈ ਜਾ ਰਹੀ ਹੈ ਪਰ ਸਿਰਫ਼ ਮਾਫੀਆ ਜਿਸ 'ਚ ਗੁਰਦੀਪ ਜੁਝਾਰ ਅਤੇ ਕੇ ਰਾਜੂ ਦਾ ਨਾਮ ਸਭ ਤੋਂ ਪਹਿਲਾਂ ਹੈ, 13 ਕਰੋੜ ਦੀ ਜ਼ਮੀਨ ਸੁਖਬੀਰ ਬਾਦਲ ਵਲੋਂ 1 ਕਰੋੜ 'ਚ ਹੀ ਦੇ ਦਿੱਤੀ ਗਈ ਸੀ।

## ਗਿਆਨਵਾਪੀ ਮਸਜਿਦ ਕੰਪਲੈਕਸ; ਵਾਰਾਨਸੀ ਕੋਰਟ ਵੱਲੋਂ ਸਬੰਧਤ ਥਾਂ ਸੀਲ ਕਰਨ ਦੇ ਹੁਕਮ'ਚੋਂ ਸ਼ਿਵਲਿੰਗ ਮਿਲਣ ਦਾ ਦਾਅਵਾ

**ਵਾਰਾਨਸੀ,**
**-ਰੋਜ਼ਾਨਾ ਸਵੇਰਾ-**

ਕੋਰਟ ਦੇ ਹੁਕਮਾਂ 'ਤੇ ਗਿਆਨਵਾਪੀ ਮਸਜਿਦ ਕੰਪਲੈਕਸ ਦੇ ਚੱਲ ਰਹੇ ਵੀਡੀਓਗ੍ਰਾਫ਼ੀ ਸਰਵੇਖਣ ਦੌਰਾਨ ਅੱਜ ਅਹਾਤੇ ਵਿੱਚ ਇਕ ਥਾਂ ਤੋਂ ਸ਼ਿਵਲਿੰਗ ਮਿਲਿਆ ਹੈ। ਹਿੰਦੂ ਪਟੀਸ਼ਨਰਾਂ ਦੇ ਵਕੀਲਾਂ ਵੱਲੋਂ ਕੀਤੀ ਪਹੁੰਚ ਮਗਰੋਂ ਵਾਰਾਨਸੀ ਕੋਰਟ ਦੇ ਹੁਕਮਾਂ ਉੱਤੇ ਸਬੰਧਤ ਥਾਂ ਨੂੰ ਸੀਲ ਕਰ ਦਿੱਤਾ ਗਿਆ ਹੈ। ਉਧਰ ਮਸਜਿਦ ਪ੍ਰਬੰਧਨ ਕਮੇਟੀ ਦੇ ਤਰਜਮਾਨ ਨੇ ਸ਼ਿਵਲਿੰਗ ਬਾਰੇ ਦਾਅਵੇ ਨੂੰ ਖਾਰਜ ਕਰਦਿਆਂ ਕਿਹਾ ਕਿ ਮਿਲਣ ਵਾਲੀ ਵਸਤੂ/ਚੀਜ਼ ਅਸਲ ਵਿੱਚ 'ਫੁਹਾਰੇ' ਦਾ ਹਿੱਸਾ ਹੈ। ਸਿਵਲ ਜੱਜ (ਸੀਨੀਅਰ ਡਿਵੀਜ਼ਨ) ਰਵੀ ਕੁਮਾਰ ਦਿਵਾਕਰ ਨੇ ਵਾਰਾਨਸੀ ਦੇ ਜ਼ਿਲ੍ਹਾ ਮੈਜਿਸਟਰੇਟ, ਪੁਲੀਸ ਕਮਿਸ਼ਨਰ ਤੇ ਸੀਆਰਪੀਐੱਫ ਕਮਾਂਡੈਂਟ ਨੂੰ ਸੀਲ ਕੀਤੇ ਖੇਤਰ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਹੁਕਮ ਦਿੱਤੇ ਹਨ। ਗਿਆਨਵਾਪੀ ਮਸਜਿਦ, ਕਾਸ਼ੀ ਵਿਸ਼ਵਨਾਥ ਮੰਦਿਰ ਦੇ ਕਾਫ਼ੀ ਨਜ਼ਦੀਕ ਹੈ ਤੇ ਸਥਾਨਕ ਕੋਰਟ ਮਹਿਲਾਵਾਂ ਦੇ ਸਮੂਹ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਹੈ ਜਿਸ ਵਿੱਚ ਮਸਜਿਦ ਅੰਦਰੋਂ ਹਿੰਦੂ ਦੇਵੀ-ਦੇਵਤਿਆਂ ਦੀ ਰੋਜ਼ਾਨਾ ਪੂਜਾ ਕਰਨ ਸਬੰਧੀ ਇਜਾਜ਼ਤ ਮੰਗੀ ਗਈ ਹੈ। ਉਂਜ ਮਸਜਿਦ ਕੰਪਲੈਕਸ ਅੰਦਰ ਵੀਡੀਓਗ੍ਰਾਫ਼ੀ ਸਰਵੇਖਣ ਦਾ ਅਮਲ ਅੱਜ ਮੁਕੰਮਲ ਹੋ ਗਿਆ। ਕੋਰਟ ਕਮਿਸ਼ਨ ਹੁਣ ਭਲਕੇ ਨੂੰ ਆਪਣੀ ਰਿਪੋਰਟ ਕੋਰਟ ਨੂੰ ਸੌਂਪ ਸਕਦਾ ਹੈ। ਯੂਪੀ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਨੇ ਸਰਵੇਖਣ ਦੇ ਕੰਮ 'ਤੇ ਤਸੱਲੀ ਜ਼ਾਹਿਰ ਕੀਤੀ ਹੈ।



ਗਿਆਨਵਾਪੀ ਮਸਜਿਦ ਕੰਪਲੈਕਸ ਦੀ ਵੀਡੀਓਗ੍ਰਾਫੀ ਕਰਨ ਬਾਅਦ ਵਾਪਸ ਜਾਂਦੀ ਹੋਈ ਅਦਾਲਤੀ ਟੀਮ।

ਵਾਰਾਨਸੀ ਦੇ ਜ਼ਿਲ੍ਹਾ ਮੈਜਿਸਟਰੇਟ ਕੌਸ਼ਲ ਰਾਜ ਸ਼ਰਮਾ ਨੇ ਕਿਹਾ ਕਿ ਮਸਜਿਦ ਕੰਪਲੈਕਸ ਵਿੱਚ ਵੀਡੀਓਗ੍ਰਾਫ਼ੀ ਸਰਵੇਖਣ ਦਾ ਅਮਲ ਅੱਜ ਸਵੇਰੇ 8 ਵਜੇ ਸ਼ੁਰੂ ਹੋਇਆ ਸੀ ਤੇ ਕੋਰਟ ਕਮਿਸ਼ਨ ਨੇ ਸਵਾ ਦਸ ਵਜੇ ਦੇ ਕਰੀਬ ਇਸ ਨੂੰ ਪੂਰਾ ਕਰ ਲਿਆ। ਉਨ੍ਹਾਂ ਕਿਹਾ ਕਿ ਸਾਰੀਆਂ ਸਬੰਧਤ ਧਿਰਾਂ ਨੇ ਸਰਵੇਖਣ ਦੇ ਕੰਮ 'ਤੇ ਤਸੱਲੀ ਜ਼ਾਹਿਰ ਕੀਤੀ ਹੈ। ਇਸ ਦੌਰਾਨ ਹਿੰਦੂ ਧਿਰ ਦੀ ਅਗਵਾਈ ਕਰ ਰਹੇ ਵਕੀਲ ਮਦਨ ਮੋਹਨ ਯਾਦਵ ਨੇ ਦਾਅਵਾ ਕੀਤਾ ਕਿ ਸਰਵੇਖਣ ਟੀਮ ਨੂੰ ਗਿਆਨਵਾਪੀ ਮਸਜਿਦ ਕੰਪਲੈਕਸ ਵਿਚ 'ਵਜ਼ੂਖਾਨਾ'(ਮਸਜਿਦ ਵਿੱਚ ਉਹ ਥਾਂ ਜਿੱਥੇ ਲੋਕ ਨਮਾਜ਼ ਅਦਾ ਕਰਨ ਤੋਂ ਪਹਿਲਾਂ ਹੱਥ ਧੋਂਦੇ ਹਨ) ਨਜ਼ਦੀਕ ਸ਼ਿਵਲਿੰਗ ਮਿਲਿਆ ਹੈ।

ਯਾਦਵ ਨੇ ਕਿਹਾ ਕਿ ਉਨ੍ਹਾਂ ਸੀਨੀਅਰ ਐਡਵੋਕੇਟ ਹਰੀਸ਼ੰਕਰ ਜੈਨ ਨਾਲ ਮਿਲ ਕੇ ਸਿਵਲ ਜੱਜ ਦਿਵਾਕਰ ਦੀ ਕੋਰਟ ਵਿੱਚ ਅਰਜ਼ੀ ਦਾਖ਼ਲ ਕਰਕੇ ਸ਼ਿਵਲਿੰਗ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ।

ਜ਼ਿਲਾ ਮੈਜਿਸਟਰੇਟ ਸ਼ਰਮਾ ਨੇ ਸਰਵੇਖਣ ਦੀ ਤਫ਼ਸੀਲ ਦਿੰਦਿਆਂ ਕਿਹਾ, "ਅੱਜ ਨੂੰ ਲਗਪਗ ਸਵਾ ਦੋ ਘੰਟਿਆਂ ਦੇ ਕੰਮ ਮਗਰੋਂ ਕਮਿਸ਼ਨ ਨੇ ਆਪਣਾ ਕੰਮ ਮੁਕੰਮਲ ਕਰ ਲਿਆ ਹੈ। ਕੋਰਟ ਵਿੱਚ ਅਪੀਲ ਦਾਖ਼ਲ ਕੀਤੀ ਗਈ ਹੈ। (ਸੁਪਰੀਮ) ਕੋਰਟ ਦੇ ਅਗਲੇ ਹੁਕਮਾਂ, ਜਿਨ੍ਹਾਂ ਬਾਰੇ (ਮੰਗਲਵਾਰ) ਨੂੰ ਪਤਾ ਲੱਗੇਗਾ, ਤੱਕ ਅੱਗੇ ਦਾ ਕੰਮ ਬੰਦ ਰਹੇਗਾ। ਸਾਰੀਆਂ ਪਾਰਟੀਆਂ ਤਸੱਲੀਬਖ਼ਸ਼ ਤਰੀਕੇ ਨਾਲ ਮੁੜ ਆਈਆਂ ਹਨ ਅਤੇ ਸਾਰੀਆਂ ਸਬੰਧਤ ਧਿਰਾਂ ਨੇ ਕੋਰਟ ਦੇ ਹੁਕਮਾਂ ਦੀ ਪਾਲਣਾ ਕੀਤੀ ਹੈ।"

ਉਨ੍ਹਾਂ ਕਿਹਾ ਕਿ ਕਮਿਸ਼ਨ ਵੱਲੋਂ ਕੀਤੇ ਜਾ ਰਹੇ ਵੀਡੀਓਗ੍ਰਾਫ਼ੀ ਸਰਵੇਖਣ ਦੌਰਾਨ ਕਾਸ਼ੀ ਵਿਸ਼ਵਨਾਥ ਮੰਦਿਰ ਦਾ ਚਾਰ ਨੰਬਰ ਗੇਟ ਸ਼ਰਧਾਲੂਆਂ ਲਈ ਬੰਦ ਰਿਹਾ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਕੋਰਟ ਕਮਿਸ਼ਨਰ ਨੇ ਕਿਹਾ ਸੀ ਕਿ ਰਿਪੋਰਟ ਨੂੰ ਕੋਰਟ ਵਿੱਚ ਪੇਸ਼ ਕੀਤੀ ਜਾਵੇਗੀ ਤੇ ਉਦੋਂ ਤੱਕ ਕਿਸੇ ਨੂੰ ਵੀ ਇਹ ਦੱਸਣ ਦੀ ਲੋੜ ਨਹੀਂ ਕਿ ਮਸਜਿਦ ਕੰਪਲੈਕਸ ਵਿੱਚੋਂ ਕੀ ਮਿਲਿਆ ਹੈ। ਉਨ੍ਹਾਂ ਕਿਹਾ, "ਜੇਕਰ ਕੋਈ ਖ਼ੁਦ ਆਪਣੇ ਪੱਧਰ 'ਤੇ ਜਾਣਕਾਰੀ ਲੀਕ ਕਰ ਰਿਹਾ ਹੈ, ਤਾਂ ਇਸ ਦੀ ਪ੍ਰਮਾਣਿਕਤਾ ਨੂੰ ਸਾਬਤ ਨਹੀਂ ਕੀਤਾ ਜਾ ਸਕਦਾ। ਸਿਰਫ਼ ਕੋਰਟ ਹੀ ਇਸ ਜਾਣਕਾਰੀ ਦੀ ਕਸਟੋਡੀਅਨ ਹੈ। ਜੇਕਰ ਕਿਸੇ ਨੇ ਸੂਚਨਾ ਲੀਕ ਕੀਤੀ ਹੈ, ਤਾਂ ਕੋਰਟ ਕਮਿਸ਼ਨ ਨਾਲ ਇਸ ਦਾ ਕੋਈ ਲਾਗਾ ਦੇਗਾ ਨਹੀਂ ਹੈ।"

ਸਰਵੇਖਣ ਵਿੱਚ ਸ਼ਾਮਲ ਕਿਸੇ ਮੈਂਬਰ ਨੂੰ ਕਮਿਸ਼ਨ ਦੀ ਕਾਰਵਾਈ



ਵਾਰਾਨਸੀ ਵਿੱਚ ਗਿਆਨਵਾਪੀ ਮਸਜਿਦ ਕੰਪਲੈਕਸ ਦੇ ਬਾਹਰ ਤਾਇਨਾਤ ਪੁਲੀਸ ਮੁਲਾਜ਼ਮ।

## ਅਸੀਂ ਲੋਕਾਂ ਨੂੰ ਜੋੜਦੇ ਹਾਂ, ਭਾਜਪਾ ਵੰਡਦੀ ਹੈ : ਰਾਹੁਲ

**ਜੈਪੁਰ,**
**-ਰੋਜ਼ਾਨਾ ਸਵੇਰਾ-**

(ਭਾਸ਼ਾ)- ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸੋਮਵਾਰ ਨੂੰ ਕਿਹਾ ਕਿ ਜਿੱਥੇ ਉਨ੍ਹਾਂ ਦੀ ਪਾਰਟੀ ਲੋਕਾਂ ਨੂੰ ਜੋੜਦੀ ਹੈ, ਉਥੇ ਭਾਰਤੀ ਜਨਤਾ ਪਾਰਟੀ (ਭਾਜਪਾ) ਉਨ੍ਹਾਂ ਨੂੰ ਵੰਡਣ ਦਾ ਕੰਮ ਕਰਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਜਪਾ ਦੋ ਹਿੰਦੁਸਤਾਨ ਬਣਾਉਣਾ ਚਾਹੁੰਦੀ ਹੈ ਜਦਕਿ ਕਾਂਗਰਸ ਇਕ ਭਾਰਤ ਚਾਹੁੰਦੀ ਹੈ ਜਿਸ ਵਿਚ ਹਰ ਵਿਅਕਤੀ ਨੂੰ ਆਪਣਾ ਸੁਫ਼ਨਾ ਪੂਰਾ ਕਰਨ ਦਾ ਮੌਕਾ ਮਿਲੇ। ਰਾਹੁਲ ਗਾਂਧੀ ਸੋਮਵਾਰ ਨੂੰ ਬਾਂਸਵਾੜਾ ਦੇ ਪਿੰਡ ਕਰਨਾਣਾ (ਬਿਛਵਾੜਾ) ਵਿਚ ਇਕ ਸਭਾ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ,"ਦੇਸ਼ ਵਿਚ ਦੋ ਵਿਚਾਰਧਾਰਾਵਾਂ ਦੀ ਲੜਾਈ ਹੈ। ਇਕ ਪਾਸੇ ਕਾਂਗਰਸ ਪਾਰਟੀ ਦੀ ਵਿਚਾਰਧਾਰਾ ਹੈ, ਜੋ ਕਹਿੰਦੀ ਹੈ ਕਿ ਸਾਰਿਆਂ ਨੂੰ ਇਕਜੁੱਟ ਹੋਣਾ ਪਵੇਗਾ, ਸਾਰਿਆਂ ਦਾ ਸਨਮਾਨ ਕਰਨਾ



ਹੋਵੇਗਾ, ਸਾਰਿਆਂ ਦੇ ਇਤਿਹਾਸ, ਹਰ ਇਕ ਦੇ ਸੱਭਿਆਚਾਰ ਦੀ ਰੱਖਿਆ ਕਰਨੀ ਹੋਵੇਗੀ। ਇਹ ਕਾਂਗਰਸ ਪਾਰਟੀ ਕਹਿੰਦੀ ਹੈ। ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਹੈ, ਜੋ ਲੋਕਾਂ ਨੂੰ ਵੰਡਣ, ਦਬਾਉਣ ਦਾ ਕੰਮ ਕਰਦੀ ਹੈ, ਜੋ ਆਦਿਵਾਸੀਆਂ ਦੇ ਇਤਿਹਾਸ ਅਤੇ ਸੱਭਿਆਚਾਰ ਨੂੰ ਦਬਾਉਣ ਅਤੇ ਮਿਟਾਉਣ ਦਾ ਕੰਮ ਕਰਦੀ ਹੈ।" ਉਨ੍ਹਾਂ ਕਿਹਾ,"ਇਹ ਲੜਾਈ ਅੱਜ ਭਾਰਤ ਵਿਚ ਚੱਲ ਰਹੀ ਹੈ। ਅਸੀਂ ਏਕਤਾ ਲਈ ਕੰਮ ਕਰਦੇ ਹਾਂ, ਉਹ ਵੰਡਣ ਲਈ ਕੰਮ ਕਰਦੇ ਹਨ। ਅਸੀਂ ਕਮਜ਼ੋਰ ਲੋਕਾਂ ਦੀ ਮਦਦ ਕਰਦੇ ਹਾਂ, ਉਹ ਵੱਡੇ ਚੁਨਿੰਦਾ ਉਦਯੋਗਪਤੀਆਂ ਦੀ ਮਦਦ ਕਰਦੇ ਹਨ। ਰਾਹੁਲ ਨੇ ਦਾਅਵਾ ਕੀਤਾ ਕਿ ਸਾਬਕਾ ਯੂ.ਪੀ.ਏ. ਸਰਕਾਰ ਨੇ ਦੇਸ਼ ਦੀ ਅਰਥਵਿਵਸਥਾ ਨੂੰ ਮਜ਼ਬੂਤ ਕੀਤਾ ਸੀ ਪਰ ਭਾਜਪਾ ਦੀ ਮੌਜੂਦਾ ਕੇਂਦਰ ਸਰਕਾਰ ਨੇ ਦੇਸ਼ ਦੀ ਅਰਥਵਿਵਸਥਾ ਨੂੰ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਕਿਹਾ,"ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨੋਟਬੰਦੀ ਦੀ, ਗਲਤ ਜੀ.ਐੱਸ.ਟੀ. ਲਾਗੂ ਕੀਤੀ, ਇਸ ਨਾਲ ਸਾਡੀ ਅਰਥਵਿਵਸਥਾ ਨਸ਼ਟ ਹੋ ਗਈ।" ਉਨ੍ਹਾਂ ਕਿਹਾ,"ਭਾਜਪਾ 2 ਹਿੰਦੁਸਤਾਨ ਬਣਾਉਣਾ ਚਾਹੁੰਦੀ ਹੈ। ਇਕ ਅਮੀਰਾਂ ਦਾ, 2 ਤਿੰਨ ਵੱਡੇ ਉਦਯੋਗਪਤੀਆਂ ਦਾ, ਦੂਜਾ ਗਰੀਬ ਜਨਤਾ ਦਾ, ਆਦਿਵਾਸੀਆਂ ਦਾ, ਦਲਿਤ ਦਾ, ਪਿਛੜਿਆਂ ਦਾ ਕਮਜ਼ੋਰਾਂ ਦਾ। ਅਸੀਂ ਹਿੰਦੁਸਤਾਨ ਨਹੀਂ ਚਾਹੁੰਦੇ, ਅਸੀਂ ਇਕ ਹੀ ਹਿੰਦੁਸਤਾਨ ਚਾਹੁੰਦੇ ਹਾਂ।

## ਟਰਾਂਸਪੋਰਟ ਮੰਤਰੀ ਵੱਲੋਂ ਬਠਿੰਡਾ ਆਰ.ਟੀ.ਏ. ਦਫ਼ਤਰ ਵਿਖੇ ਛਾਪੇਮਾਰੀ, ਸਕੱਤਰ ਆਰ.ਟੀ.ਏ. ਵਿਰੁੱਧ ਜਾਂਚ ਦੇ ਆਦੇਸ਼

**ਬਠਿੰਡਾ -ਜਸਵੀਰ ਔਲਖ-**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਨਿਰੰਤਰ ਮਿਲ ਰਹੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਅੱਜ ਰਿਜਨਲ ਟਰਾਂਸਪੋਰਟ ਅਥਾਰਿਟੀ (ਆਰ.ਟੀ.ਏ.)



ਬਠਿੰਡਾ ਦੇ ਦਫ਼ਤਰ ਵਿਖੇ ਅਚਨਚੇਤ ਛਾਪਾ ਮਾਰਿਆ। ਰਿਕਾਰਡ ਘੋਖਣ 'ਤੇ ਆਰ.ਟੀ.ਏ. ਦਫ਼ਤਰ ਦੇ ਕੰਮਕਾਜ ਵਿੱਚ ਕਈ ਤਰ੍ਹਾਂ ਦੀਆਂ ਊਣਤਾਈਆਂ ਪਾਈਆਂ ਗਈਆਂ।

ਇਸ ਦੌਰਾਨ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਆਰ.ਟੀ.ਏ. ਬਠਿੰਡਾ ਬਾਰੇ ਪਿਛਲੇ ਕਈ ਦਿਨਾਂ ਤੋਂ ਖ਼ਬਰਾਂ ਮਿਲ ਰਹੀਆਂ ਸਨ। ਮੰਤਰੀ ਨੇ ਦੱਸਿਆ ਕਿ ਦਫ਼ਤਰ ਵੱਲੋਂ ਤਿਆਰ ਕੀਤੇ ਬੱਸ ਟਾਈਮ ਟੇਬਲ ਵਿੱਚ ਊਣਤਾਈਆਂ ਪਾਈਆਂ ਗਈਆਂ ਹਨ, ਦਫ਼ਤਰ ਵੱਲੋਂ ਕਈ ਪਰਮਿਟ ਨਾਜਾਇਜ਼ ਤੌਰ 'ਤੇ ਜਾਰੀ ਕੀਤੇ ਗਏ, ਕਈ ਅਸਲ ਬੱਸ ਆਪ੍ਰੇਟਰਾਂ ਨੂੰ ਪਰਮਿਟ ਨਹੀਂ ਦਿੱਤੇ ਗਏ ਅਤੇ ਕਈ ਆਪ੍ਰੇਟਰਾਂ ਨੂੰ ਟਾਈਮ ਟੇਬਲ ਵਿੱਚ ਬਣਦੀ ਥਾਂ ਨਹੀਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਆਰ.ਟੀ.ਏ. ਦਫ਼ਤਰ ਵਿੱਚ ਪ੍ਰਾਈਵੇਟ ਬੱਸ ਆਪ੍ਰੇਟਰਾਂ ਵੱਲੋਂ ਕਬਜ਼ਾ ਕਰਨ ਸਬੰਧੀ ਖ਼ਬਰਾਂ ਵੀ ਉਦੋਂ ਸੱਚ ਸਾਬਤ ਹੋਈਆਂ, ਜਦੋਂ ਛਾਪੇ ਦੌਰਾਨ ਨਿਊ ਦੀਪ, ਆਰਬਿਟ ਅਤੇ ਹੋਰ ਪ੍ਰਾਈਵੇਟ ਬੱਸ ਆਪ੍ਰੇਟਰਾਂ ਦੇ ਕਾਰਿੰਦੇ ਉਥੇ ਬੈਠੇ ਪਾਏ ਗਏ।

ਟਰਾਂਸਪੋਰਟ ਮੰਤਰੀ ਨੇ ਵਿਭਾਗ ਦੇ ਪ੍ਰਮੁੱਖ ਸਕੱਤਰ ਵਿਕਾਸ ਗਰਗ ਨੂੰ ਸਕੱਤਰ ਆਰ.ਟੀ.ਏ. ਬਠਿੰਡਾ ਵਿਰੁੱਧ ਜਾਂਚ ਕਰਨ ਦੇ ਆਦੇਸ਼ ਦਿੰਦਿਆਂ ਹਫ਼ਤੇ ਦੇ ਅੰਦਰ-ਅੰਦਰ ਜਾਂਚ ਰਿਪੋਰਟ ਮੰਗੀ ਹੈ।

ਟਰਾਂਸਪੋਰਟ ਮੰਤਰੀ ਭੁੱਲਰ ਨੇ ਆਰ.ਟੀ.ਏ. ਦਫ਼ਤਰ ਦੇ ਸਟਾਫ਼ ਨੂੰ ਹਦਾਇਤ ਕੀਤੀ ਕਿ ਦਫ਼ਤਰ ਵਿੱਚ ਪਾਈਆਂ ਗਈਆਂ ਊਣਤਾਈਆਂ ਨੂੰ ਤੁਰੰਤ ਦਰੁਸਤ ਕੀਤਾ ਜਾਵੇ। ਡਿਫ਼ਾਲਟਰਾਂ ਵਿਰੁੱਧ ਸਖ਼ਤ ਕਾਰਵਾਈ ਦੀ ਤਾੜਨਾ ਕਰਦਿਆਂ ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਅਜਿਹੀ ਗ਼ਲਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਟਰਾਂਸਪੋਰਟ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਿੱਚ ਅਜਿਹਾ ਕੁੱਝ ਨਹੀਂ ਚੱਲੇਗਾ ਅਤੇ ਕਿਸੇ ਵਿਅਕਤੀ ਦਾ ਹੱਕ ਨਹੀਂ ਮਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਗ਼ੈਰ-ਕਾਨੂੰਨੀ ਤੌਰ 'ਤੇ ਚਲ ਰਹੀਆਂ ਬੱਸਾਂ ਦੇ ਮਾਲਕਾਂ ਨੂੰ ਹਰ ਹੀਲੇ ਨੱਥ ਪਾਈ ਜਾਵੇਗੀ ਪਰ ਕਿਸੇ ਵੀ ਅਸਲ ਆਪ੍ਰੇਟਰ ਨਾਲ ਧੱਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਸੋਸ਼ਲ ਮੀਡੀਆ 'ਤੇ ਵਾਇਰਲ ਹੁੰਦੀਆਂ ਪ੍ਰਾਈਵੇਟ ਬੱਸ ਆਪ੍ਰੇਟਰਾਂ ਦੀਆਂ ਵਧੀਕੀਆਂ ਸਬੰਧੀ ਮੀਡੀਆ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਭੁੱਲਰ ਨੇ ਧੱਕਾ ਕਰਨ ਵਾਲੇ ਪ੍ਰਾਈਵੇਟ ਬੱਸ ਆਪ੍ਰੇਟਰਾਂ ਨੂੰ ਚੇਤਾਵਨੀ ਦਿੱਤੀ ਕਿ ਕਿਸੇ ਵੀ ਤਰ੍ਹਾਂ ਦੀ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਨਿਯਮਾਂ ਦੇ ਉਲਟ ਜਾਣ ਵਾਲੇ ਆਪ੍ਰੇਟਰਾਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਸ ਉਪਰੰਤ ਮੰਤਰੀ ਨੇ ਬਠਿੰਡਾ ਬੱਸ ਸਟੈਂਡ ਦੇ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ। ਉਨ੍ਹਾਂ ਸਵਾਰੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਜਾਣੀਆਂ। ਮੰਤਰੀ ਨੇ ਸਾਫ਼-ਸਫ਼ਾਈ, ਪੀਣ ਲਈ ਪਾਣੀ ਦਾ ਪ੍ਰਬੰਧ ਅਤੇ ਪਖ਼ਾਨਿਆਂ ਦੀ ਚੈਕਿੰਗ ਵੀ ਕੀਤੀ।







## ਸੰਪਾਦਕੀ

# ਝੋਨਾ ਪਾਣੀ ਦੀ ਭਾਰੀ ਖ਼ਪਤ ਕਰਨ ਵਾਲੀ ਫ਼ਸਲ

ਝੋਨਾ ਪਾਣੀ ਦੀ ਭਾਰੀ ਖ਼ਪਤ ਕਰਨ ਵਾਲੀ ਵਾਲੀ ਫ਼ਸਲ ਮੰਨਿਆ ਜਾਂਦਾ ਹੈ। ਇਕ ਏਕੜ ਝੋਨੇ ਵਾਸਤੇ ਅੰਦਾਜ਼ਨ ਚਾਰ ਤੋਂ ਪੰਜ ਹਜ਼ਾਰ ਘਣ ਮੀਟਰ ਪਾਣੀ ਦੀ ਜ਼ਰੂਰਤ ਪੈਂਦੀ ਹੈ। ਇਹ ਕੋਈ ਹੈਰਾਨ ਹੋਣ ਵਾਲੀ ਗੱਲ ਨਹੀਂ ਕਿ ਪੰਜਾਬ ਵਿਚ ਧਰਤੀ ਹੇਠਲਾ ਪਾਣੀ ਮਿਕਦਾਰ ਤੇ ਮਿਆਰ, ਦੋਵਾਂ ਪੱਖਾਂ ਤੋਂ ਬੜੀ ਤੇਜ਼ੀ ਨਾਲ ਡਿੱਗ ਰਿਹਾ ਹੈ। ਸਾਇੰਸਦਾਨ ਲਗਾਤਾਰ ਅਜਿਹੀਆਂ ਤਕਨੀਕਾਂ ਵਿਕਸਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜਿਸ ਨਾਲ ਝੋਨੇ ਲਈ ਪਾਣੀ ਦੀ ਘੱਟ ਖ਼ਪਤ ਹੋਵੇ। ਝੋਨੇ ਦੀ ਸਿੱਧੀ ਬਿਜਾਈ ਨਾਲ ਪਾਣੀ ਬਚਾਉਣ ਵਾਲੀ ਤਕਨੀਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ) ਨੇ ਵਿਕਸਿਤ ਕੀਤੀ ਹੈ, ਇਸ ਲਈ ਕਿਰਤ ਸ਼ਕਤੀ ਵੀ ਘੱਟ ਲੋੜੀਂਦੀ ਹੈ। ਸ਼ੁਰੂ ਵਿਚ ਸਿੱਧੀ ਬਿਜਾਈ ਦਾ ਟੀਚਾ ਕੱਦੂ ਕੀਤੇ ਖੇਤ ਵਿਚ ਝੋਨੇ ਦੀ ਪੌਦ ਦੀ ਲੁਆਈ ਲਈ ਪੇਸ਼ ਆਉਣ ਵਾਲੀ ਮਜ਼ਦੂਰਾਂ ਦੀ ਕਮੀ ਦੀ ਸਮੱਸਿਆ ਦਾ ਟਾਕਰਾ ਕਰਨਾ ਸੀ ਪਰ ਬਾਅਦ ਵਿਚ ਇਸ ਨੂੰ ਪਾਣੀ-ਬਚਾਊ ਤਰੀਕੇ ਵਜੋਂ ਵੀ ਹੁਲਾਰਾ ਦਿੱਤਾ ਜਾਣ ਲੱਗਾ। ਸੂਬੇ ਦੇ ਖੇਤੀਬਾੜੀ ਵਿਭਾਗ ਅਤੇ ਪੀਏਯੂ ਦੇ ਪਸਾਰ ਅਫ਼ਸਰ ਕਈ ਸਾਲਾਂ ਤੋਂ ਕਿਸਾਨਾਂ ਦਰਮਿਆਨ ਇਸ ਤਕਨੀਕ ਨੂੰ ਹੁਲਾਰਾ ਦੇਣ ਦੀ ਕੋਸ਼ਿਸ਼ ਵਿਚ ਰਹੇ ਹਨ ਪਰ ਇਸ ਦਿਸ਼ਾ ਵਿਚ ਖ਼ਾਸ ਕਾਮਯਾਬੀ ਨਹੀਂ ਮਿਲੀ। ਰਾਜ ਸਰਕਾਰ ਵੱਲੋਂ 2020 ਅਤੇ 2021 ਦੌਰਾਨ ਝੋਨੇ ਦੀ ਸਿੱਧੀ ਬਿਜਾਈ ਹੇਠ ਪੰਜ ਲੱਖ ਹੈਕਟੇਅਰ ਤੋਂ ਵੱਧ ਰਕਬਾ ਆ ਜਾਣ ਦੇ ਵੱਡੇ ਦਾਅਵਿਆਂ ਦੇ ਬਾਵਜੂਦ ਸੂਬੇ ਵਿਚ ਇਨ੍ਹਾਂ ਸਾਲਾਂ ਦੌਰਾਨ ਝੋਨੇ ਦੇ ਸੀਜ਼ਨ ਦੌਰਾਨ ਬਿਜਲੀ ਦੀ ਖ਼ਪਤ ਵਿਚ ਕੋਈ ਕਮੀ ਦੇਖਣ ਵਿਚ ਨਹੀਂ ਆਈ। ਇਸ ਦੇ ਬਾਵਜੂਦ ਰਾਜ ਸਰਕਾਰ ਨੇ ਇਸ ਤਕਨੀਕ ਨੂੰ ਹੁਲਾਰਾ ਦੇਣ ਲਈ ਹਾਲ ਹੀ ਵਿਚ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ 1500 ਰੁਪਏ ਸਬਸਿਡੀ/ਬੋਨਸ ਦੇਣ ਦਾ ਐਲਾਨ ਕੀਤਾ ਹੈ। ਝੋਨੇ ਵਿਚ ਪੌਦ ਦੀ ਲੁਆਈ ਦੇ ਰਵਾਇਤੀ ਤਰੀਕੇ ਵਿਚ ਪਹਿਲਾਂ ਖੇਤ ਨੂੰ ਕੱਦੂ ਕੀਤਾ ਜਾਂਦਾ ਹੈ। ਕੱਦੂ ਕਰਨਾ ਖੇਤਾਂ ਵਿਚ ਖੜ੍ਹੇ ਪਾਣੀ ਵਿਚ ਵਾਹੀ ਕਰਨ ਜਾਂ ਟਰੈਕਟਰ ਆਦਿ ਚਲਾਉਣ ਦੀ ਪ੍ਰਥਾ ਹੈ ਤਾਂ ਕਿ ਮਿੱਟੀ ਦੇ ਡਲਿਆਂ ਨੂੰ ਤੋੜ ਕੇ ਇਸ ਨੂੰ ਨਰਮ ਗਾਰੇਦਾਰ/ਚਿੱਕੜ ਰੂਪੀ ਬਣਾਇਆ ਜਾ ਸਕੇ। ਕੱਦੂ ਤੋਂ ਬਾਅਦ ਮਿੱਟੀ ਦੇ ਕਣ ਵੱਖ-ਵੱਖਰੀ ਰਫ਼ਤਾਰ ਨਾਲ ਬੈਠ ਜਾਂਦੇ ਹਨ। ਰੇਤਲੇ ਕਣ ਪਹਿਲਾਂ ਬੈਠਦੇ ਹਨ ਤੇ ਚੀਕਨੀ ਮਿੱਟੀ ਦੇ ਕਣ ਬਾਅਦ ਵਿਚ ਬੈਠਦੇ ਹਨ ਜਿਸ ਨਾਲ ਗਾਰੇ ਦੀ ਪਰਤ ਬਣ ਜਾਂਦੀ ਹੈ। ਗਾਰੇ ਦੀ ਇਸ ਪਰਤ ਨਾਲ ਪਾਣੀ ਦੇ ਧਰਤੀ ਵਿਚ ਰਿਸਾਅ ਦੀ ਰਫ਼ਤਾਰ ਘਟ ਜਾਂਦੀ ਹੈ ਅਤੇ ਇੰਝ ਖੇਤ ਵਿਚ ਸਿੰਜਾਈ ਵਾਲਾ ਪਾਣੀ ਲੰਮਾ ਸਮਾਂ ਖੇਤ ਦੀ ਸਤ੍ਹਾ ਉਤੇ ਖੜ੍ਹਾ ਰਹਿੰਦਾ ਹੈ। ਸੰਭਵ ਤੌਰ 'ਤੇ ਇਹ ਤਰੀਕਾ ਝੋਨੇ ਦੇ ਬੂਟਿਆਂ ਦੇ ਵਿਹਾਰ ਕਾਰਨ ਪ੍ਰਚਲਿਤ ਹੋਇਆ ਕਿਉਂਕਿ ਇਹ ਬੂਟੇ ਗਿੱਲੀ ਧਰਤੀ ਵਾਲੇ ਹਾਲਾਤ ਵਿਚ ਵਧਦੇ-ਫੁੱਲਦੇ ਹਨ। ਝੋਨਾ ਹੀ ਅਜਿਹੀ ਫ਼ਸਲ ਹੈ ਜਿਸ ਦੀਆਂ ਜੜ੍ਹਾਂ ਇਸ ਦੇ ਉਪਰਲੇ, ਭਾਵ ਹਵਾ ਵਿਚਲੇ ਹਿੱਸੇ ਰਾਹੀਂ ਸਾਹ ਲੈਂਦੀਆਂ ਹਨ, ਕਿਉਂਕਿ ਝੋਨੇ ਦੇ ਬੂਟੇ ਦਾ ਤਣਾ ਅੰਦਰੋਂ ਖੋਖਲਾ ਹੁੰਦਾ ਹੈ। ਗਿੱਲੇ ਹਾਲਾਤ ਵਿਚ ਮਿੱਟੀ ਵਿਚ ਅਮੋਨੀਆ ਯੁਕਤ ਨਾਈਟ੍ਰੋਜਨ ਦੀ ਬਹੁਤਾਤ ਹੋ ਜਾਂਦੀ ਹੈ ਜਿਸ ਨੂੰ ਝੋਨੇ ਦੇ ਬੂਟੇ ਆਸਾਨੀ ਨਾਲ ਗ੍ਰਹਿਣ ਕਰ ਲੈਂਦੇ ਹਨ ਜਦੋਂਕਿ ਦੂਜੇ ਬੂਟੇ ਨਾਈਟ੍ਰੋਜਨ ਦੇ ਇਸ ਰੂਪ ਨੂੰ ਗ੍ਰਹਿਣ ਨਹੀਂ ਕਰਦੇ। ਇਸ ਦੇ ਨਾਲ ਹੀ ਕੱਦੂ ਕੀਤੇ ਖੇਤ ਵਿਚ ਕਿਸਾਨਾਂ ਲਈ ਝੋਨੇ ਦੀ ਲੁਆਈ ਕਰਨੀ ਵੀ ਸੌਖੀ ਹੋ ਜਾਂਦੀ ਹੈ।

ਪੀਏਯੂ ਦੀਆਂ ਸਿਫ਼ਾਰਿਸ਼ਾਂ (ਪੈਕੇਜ ਆਫ ਪ੍ਰੈਕਟਿਸਿਜ਼) ਮੁਤਾਬਕ ਸਿੱਧੀ ਬਿਜਾਈ ਦੀ ਸਿਫ਼ਾਰਸ਼ ਸਿਰਫ਼ ਦਰਮਿਆਨੀ ਤੋਂ ਬਰੀਕ ਮਿੱਟੀ ਵਿਚ ਕੀਤੀ ਜਾਂਦੀ ਹੈ ਜਿਥੇ ਲੇਜ਼ਰ ਰਾਹੀਂ ਪੱਧਰ ਕੀਤੇ ਖੇਤ ਨੂੰ ਵਹਾਈ ਤੋਂ ਪਹਿਲਾਂ ਸਿੰਜਿਆ ਜਾਂਦਾ ਹੈ। ਕੰਮ ਕਰਨਯੋਗ ਨਮੀ ਦੀਆਂ ਹਾਲਤਾਂ ਵਿਚ ਇਨ੍ਹਾਂ ਖੇਤਾਂ ਵਿਚ ਉਥਲੀ ਖੇਤੀ, ਭਾਵ ਵਾਹੀ ਤੋਂ ਬਿਨਾਂ ਖੇਤੀ (shallow cultivation) ਕੀਤੀ ਜਾਣੀ ਚਾਹੀਦੀ ਹੈ ਅਤੇ ਫਿਰ ਦੋ ਵਾਰ ਸੁਹਾਗਾ ਫੇਰਨ ਪਿੱਛੋਂ ਫ਼ੌਰੀ ਤੌਰ ਤੇ ਬਿਜਾਈ ਕਰ ਦੇਣੀ ਚਾਹੀਦੀ ਹੈ। ਬਿਜਾਈ ਦੇ ਫ਼ੌਰੀ ਬਾਅਦ ਨਦੀਨਮਾਰ ਦੀ ਛਿੜਕਾਅ ਕੀਤਾ ਜਾਣਾ ਚਾਹੀਦਾ ਹੈ। ਬਿਜਾਈ ਪਿੱਛੋਂ ਕੀਤੀ ਜਾਣ ਵਾਲੀ ਪਹਿਲੀ ਸਿੰਜਾਈ ਦੀ ਸਿਫ਼ਾਰਸ਼ ਬਿਜਾਈ ਤੋਂ 21 ਦਿਨ ਬਾਅਦ ਕੀਤੀ ਜਾਂਦੀ ਹੈ ਅਤੇ ਉਸ ਪਿੱਛੋਂ 5 ਤੋਂ 7 ਦਿਨਾਂ ਦੇ ਵਕਫ਼ੇ ਨਾਲ ਸਿੰਜਾਈ ਕਰਨੀ ਚਾਹੀਦੀ ਹੈ। ਇਸ ਦੇ ਉਲਟ ਝੋਨੇ ਦੀ ਕਾਸ਼ਤ ਦੇ ਰਵਾਇਤੀ ਤਰੀਕੇ ਵਿਚ ਕੱਦੂ ਕੀਤੇ ਖੇਤ ਉਤੇ ਪੌਦ ਦੀ ਲੁਆਈ ਤੋਂ ਬਾਅਦ ਦੋ ਹਫ਼ਤੇ ਤੱਕ ਪਾਣੀ ਖੜ੍ਹਾ ਰੱਖਣ ਦੀ ਲੋੜ ਹੁੰਦੀ ਹੈ। ਉਸ ਮਗਰੋਂ ਖੇਤ ਵਿਚੋਂ ਪਾਣੀ ਪੂਰੀ ਤਰ੍ਹਾਂ ਗ਼ਾਇਬ ਹੋ ਜਾਣ ਪਿੱਛੋਂ ਹਰ ਦੋ ਤੋਂ ਤਿੰਨ ਦਿਨਾਂ ਦੇ ਵਕਫ਼ੇ ਨਾਲ ਸਿੰਜਾਈ ਕਰਨ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ਜਿਸ ਦਾ ਭਾਵ ਬਣਦਾ ਹੈ ਕਿ ਅਸਲ ਵਿਚ ਚਾਰ ਤੋਂ ਪੰਜ ਦਿਨਾਂ ਦੇ ਵਕਫ਼ੇ ਨਾਲ ਸਿੰਜਾਈ ਪਰ ਸੂਬਾ ਸਰਕਾਰ ਅਤੇ ਪੀਏਯੂ ਵੱਲੋਂ ਇਸ ਸਬੰਧੀ ਵੱਖ ਵੱਖ ਕੋਸ਼ਿਸ਼ਾਂ ਕੀਤੇ ਜਾਣ ਅਤੇ ਕਿਸਾਨਾਂ ਨੂੰ ਸਿੱਧੇ ਤੌਰ ਤੇ ਇਸ ਦਾ ਪ੍ਰਦਰਸ਼ਨ ਦਿਖਾਏ ਜਾਣ ਦੇ ਬਾਵਜੂਦ ਕਿਸਾਨ ਕੱਦੂ ਕੀਤੇ ਖੇਤ ਵਿਚ ਝੋਨੇ ਦੀ ਲੁਆਈ ਵਾਸਤੇ ਇਨ੍ਹਾਂ ਸਿਫ਼ਾਰਸ਼ਾਂ ਦਾ ਪਾਲਣ ਨਹੀਂ ਕਰ ਰਹੇ। ਕਾਰਨ ਇਹ ਕਿ ਕਿਸਾਨਾਂ ਦਾ ਖਿ ?ਆਲ ਹੈ, ਖੇਤ ਨੂੰ ਕੱਦੂ ਕਰਨ ਤੋਂ ਪਹਿਲਾਂ ਕਥਿਤ ਤੌਰ ਤੇ ਜ਼ਮੀਨ ਨੂੰ ਠੰਢੀ ਕਰਨ ਵਾਸਤੇ 3-4 ਦਿਨ ਅਗਾਊਂ ਤੌਰ ਤੇ ਪਾਣੀ ਖੜ੍ਹਾ ਕੀਤਾ ਜਾਣਾ ਜ਼ਰੂਰੀ ਹੈ, ਭਾਵੇਂ ਇਹ ਉਨ੍ਹਾਂ ਦਾ ਵਹਿਮ ਹੀ ਹੈ। ਦਰਅਸਲ ਖੇਤ ਨੂੰ ਕੱਦੂ ਕਰਨ ਤੋਂ ਪਹਿਲਾਂ ਇਕ ਹੀ (ਪਰ ਯਕੀਨਨ ਤੌਰ ਤੇ ਭਾਰੀ, 8 ਤੋਂ 10 ਸੈਂਟੀਮੀਟਰ ਦੀ) ਸਿੰਜਾਈ ਦੀ ਲੋੜ ਹੁੰਦੀ ਹੈ, ਬਸ਼ਰਤੇ ਪੌਦ ਦੀ ਲੁਆਈ ਵੇਲੇ ਸਿਰ ਕਰ ਦਿੱਤੀ ਜਾਵੇ।

ਕਿਸਾਨ ਖੇਤ ਵਿਚ ਪਾਣੀ 60-70 ਦਿਨ ਖੜ੍ਹਾ ਰੱਖਦੇ ਹਨ, ਜਦੋਂਕਿ ਪੀਏਯੂ ਦੀ ਸਿਫ਼ਾਰਸ਼ ਝੋਨੇ ਦ ੀ ਲੁਆਈ ਤੋਂ ਬਾਅਦ ਸਿਰਫ਼ 15 ਦਿਨ ਪਾਣੀ ਖੜ੍ਹਾ ਰੱਖਣ ਦੀ ਹੈ। ਇਸ ਦਾ ਸਿੱਟਾ ਪਾਣੀ ਦੀ ਭਾਰੀ ਖ਼ਪਤ ਅਤੇ ਇਸ ਲਈ ਜ਼ਮੀਨਦੋਜ਼ ਪਾਣੀ ਦੀ ਭਾਰੀ ਬਰਬਾਦੀ ਵਜੋਂ ਨਿਕਲਦਾ ਹੈ ਪਰ ਜੇ ਸਿੱਧੀ ਬਿਜਾਈ ਵਾਲੇ ਖੇਤਾਂ ਵਿਚ ਵੀ ਇਹੋ ਤਰੀਕਾ ਅਪਣਾਇਆ ਜਾਂਦਾ ਹੈ ਤਾਂ ਇਹ ਵੀ ਫ਼ਾਇਦੇ ਦੀ ਥਾਂ ਨੁਕਸਾਨਦੇਹ ਸਾਬਤ ਹੋਵੇਗਾ ਅਤੇ ਇਸ ਤਕਨੀਕ ਰਾਹੀਂ ਪਾਣੀ ਦੀ ਬੱਚਤ ਦਾ ਮਕਸਦ ਨਾਕਾਮ ਹੋ ਜਾਵੇਗਾ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਝੋਨੇ ਦੀ ਫ਼ਸਲ ਲਈ ਪੀਏਯੂ ਵੱਲੋਂ ਸਿਫ਼ਾਰਸ਼ਸ਼ੁਦਾ ਤਰੀਕੇ ਨਾਲ ਹੀ ਸਿੰਜਾਈ ਕੀਤੀ ਜਾਵੇ; ਨਹੀਂ ਤਾਂ ਸਿੱਧੀ ਬਿਜਾਈ ਨਾਲ ਉਲਟਾ ਪੌਦ ਦੀ ਲੁਆਈ ਦੇ ਮੁਕਾਬਲੇ ਪਾਣੀ ਦੀ ਕਿਤੇ ਜਿ ?ਆਦਾ ਖ਼ਪਤ ਹੋਵੇਗੀ।ਕੱਦੂ ਕੀਤੇ ਖੇਤਾਂ ਵਿਚ ਸਤ੍ਹਾ ਉਤੇ ਪਾਣੀ ਦੇ ਰਹਿਣ ਦਾ ਸਮਾਂ ਮਿੱਟੀ ਦੇ ਜਿ ?ਆਦਾ ਗਿੱਲੀ ਹੋਣ ਕਾਰਨ ਸਿੱਧੀ ਬਿਜਾਈ ਵਾਲੇ ਖੇਤਾਂ ਦੇ ਮੁਕਾਬਲੇ ਘੱਟ ਹੁੰਦਾ ਹੈ, ਕਿਉਂਕਿ ਸਿੱਧੀ ਬਿਜਾਈ ਵਾਲੇ ਖੇਤ ਦੀ ਸਤ੍ਹਾ ਖੁਰਦਰੀ ਹੁੰਦੀ ਹੈ। ਦੂਜੇ ਪਾਸੇ ਸਿੱਧੀ ਬਿਜਾਈ ਵਾਲੇ ਖੇਤਾਂ ਵਿਚ ਜ਼ਮੀਨ ਵਿਚ ਪਾਣੀ ਦਾ ਰਿਸਾਅ ਕੱਦੂ ਕੀਤੇ ਖੇਤ ਦੇ ਮੁਕਾਬਲੇ ਜਿ ?ਆਦਾ ਹੋਣ ਕਾਰਨ ਸਿੱਧੀ ਬਿਜਾਈ ਵਾਲੇ ਖੇਤ ਵਿਚ ਕੱਦੂ ਕੀਤੇ ਖੇਤ (3-4 ਸੈਂਟੀਮੀਟਰ) ਨਾਲੋਂ ਪ੍ਰਤੀ ਸਿੰਜਾਈ ਪਾਣੀ ਦੀ ਜਿ ?ਆਦਾ ਜ਼ਰੂਰਤ (7.5-8 ਸੈਂਟੀਮੀਟਰ) ਹੁੰਦੀ ਹੈ। ਇਸ ਲਈ ਸਲਾਹ ਦਿੱਤੀ ਜਾਂਦੀ ਹੈ ਕਿ ਸਿੱਧੀ ਬਿਜਾਈ ਵਾਲੇ ਖੇਤਾਂ ਵਿਚ ਸਿੰਜਾਈ ਦੇ ਪਾਣੀ ਦੀ ਖ਼ਪਤ ਦਾ ਅੰਦਾਜ਼ਾ ਲਾਉਂਦੇ ਸਮੇਂ ਮਹਿਜ਼ ਸਿੰਜਾਈਆਂ ਦੀ ਗਿਣਤੀ ਦੇ ਮੁਕਾਬਲੇ ਪ੍ਰਤੀ ਸਿੰਜਾਈ ਖ਼ਪਤ ਹੋਣ ਵਾਲੇ ਪਾਣੀ ਦੀ ਮਿਕਦਾਰ ਤੋਂ ਹੀ ਅਸਲ ਤਸਵੀਰ ਸਾਹਮਣੇ ਆਉਂਦੀ ਹੈ। ਦੂਜੇ ਪਾਸੇ ਪੀਏਯੂ ਦੇ ਅਧਿਐਨਾਂ ਵਿਚ ਇਨ੍ਹਾਂ ਦੋਵਾਂ ਹੀ ਤਰੀਕਿਆਂ ਵਿਚ ਪਾਣੀ ਦੇ ਵਾਸ਼ਪੀਕਰਨ ਰਾਹੀਂ ਉਡਣ ਨਾਲ ਹੋਣ ਵਾਲੇ ਨੁਕਸਾਨ ਦੀ ਦਰ ਇਕੋ ਜਿਹੀ ਜਾਂ ਸਿੱਧੀ ਬਿਜਾਈ ਵਿਚ ਲੁਆਈ ਵਾਲੇ ਤਰੀਕੇ ਨਾਲੋਂ ਵੱਧ ਪਾਈ ਗਈ ਹੈ। ਵਾਸ਼ਪੀਕਰਨ ਵਿਚ ਹੋਣ ਵਾਲੀ ਕਮੀ ਨਾਲ ਹੀ ਅਸਲ ਵਿਚ ਪਾਣੀ ਦੀ ਬੱਚਤ ਹੋ ਸਕਦੀ ਹੈ।ਪੀਏਯੂ ਅਤੇ ਬੋਰਲੌਗ ਇੰਸਟੀਚਿਊਟ ਆਫ ਸਾਊਥ ਏਸ਼ੀਆ ਵਿਚ ਕੀਤੇ ਤਜਰਬਿਆਂ ਵਿਚ ਸਿੱਧੀ ਬਿਜਾਈ ਵਾਲੇ ਝੋਨੇ ਦਾ ਝਾੜ ਘੱਟ ਨਿਕਲਿਆ ਹੈ। ਅਜਿਹਾ ਮਿੱਟੀ ਦੀ ਕਿਸਮ, ਨਦੀਨਾਂ ਦੀ ਬਹੁਤਾਤ ਅਤੇ ਵੰਨ-ਸਵੰਨਤਾ ਕਾਰਨ ਹੋ ਸਕਦਾ ਹੈ। ਪੀਏਯੂ ਵਿਚ ਕੀਤੇ ਅਧਿਐਨਾਂ ਵਿਚ ਸਿੱਧੀ ਬਿਜਾਈ ਵਾਲੇ ਖੇਤਾਂ ਵਿਚ ਸਾਲ ਦਰ ਸਾਲ ਝਾੜ ਵਿਚ ਗਿਰਾਵਟ ਵੀ ਦੇਖੀ ਗਈ ਹੈ। ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਸਿੱਧੀ ਬਿਜਾਈ ਅਤੇ ਕੱਦੂ ਕੀਤੇ ਖੇਤ ਵਿਚ ਲੁਆਈ ਦੇ ਤਰੀਕੇ ਬਦਲ ਬਦਲ ਕੇ ਅਪਣਾਉਣ ਤਾਂ ਕਿ ਖੇਤ ਵਿਚ ਨਦੀਨਾਂ ਦੇ ਬੀਜ ਇਕੱਠੇ ਹੋਣ ਦੀ ਸੰਭਾਵਨਾ ਰੋਕੀ ਜਾ ਸਕੇ ਕਿਉਂਕਿ ਨਦੀਨ ਖੇਤ ਵਿਚ ਮੁੱਖ ਫ਼ਸਲ ਦੇ ਹਿੱਸੇ ਦਾ ਪਾਣੀ ਤੇ ਪੋਸ਼ਕ ਤੱਤ ਖਾ ਜਾਂਦੇ ਹਨ।

Printed, Published and Owned by Ramanpreet Singh and Printed at The Caseeno Printing Press, Rampura Phul and Published from Monthly Rozana Savera, Guru Nanak Pura Mohalla, Near Vishwash Mandir, Rampua Phul, Distt Bathinda, Punjab
Editor : Ramanpreet Singh
RNI No.PunPun 04267
E-mail : rozanasavera@gmail.com
ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਰਮਨਪ੍ਰੀਤ ਸਿੰਘ ਨੇ ਦਾ ਕਸੀਨੋ ਪ੍ਰਿੰਟਿੰਗ ਪ੍ਰੈਸ, ਰਾਮਪੁਰਾ ਫੂਲ ਤੋਂ ਛਪਵਾ ਕੇ ਗੁਰੂ ਨਾਨਕ ਪੁਰਾ ਮੁਹੱਲਾ, ਨੇੜੇ ਵਿਸ਼ਵਾਸ ਮੰਦਿਰ, ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ : ਰਮਨਪ੍ਰੀਤ ਸਿੰਘ
ਨੋਟ : ਸੰਪਾਦਕ ਸਿਰਫ ਪੀ ਆਰ ਬੀ ਐਕਟ ਅਧੀਨ ਖ਼ਬਰਾਂ ਲਈ ਜ਼ਿੰਮੇਵਾਰ।
ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ ਬਠਿੰਡਾ ਅਦਾਲਤ ਵਿੱਚ ਹੀ ਹੋਵੇਗਾ।

# ਆਜ਼ਾਦੀ ਸੰਘਰਸ਼ ਵਿਚ ਪੰਜਾਬ ਤੇ ਸਿੱਖਾਂ ਦਾ ਯੋਗਦਾਨ

**ਡਾ. ਮਹਿੰਦਰ ਸਿੰਘ**

ਪੰਜਾਬ ਅਤੇ ਸਿੱਖਾਂ ਨੇ ਆਜ਼ਾਦੀ ਦੇ ਸੰਘਰਸ਼ ਵਿਚ ਅਹਿਮ ਹਿੱਸਾ ਪਾਇਆ। ਭਾਈ ਮਹਾਰਾਜ ਸਿੰਘ ਅਤੇ ਅਹਿਮਦ ਖਾਨ ਖਰਲ ਦੇ ਆਰੰਭਕ ਯਤਨਾਂ ਤੋਂ ਲੈ ਕੇ ਕੂਕਾ ਲਹਿਰ, ਪੱਗੜੀ ਸੰਭਾਲ ਜੱਟਾ ਲਹਿਰ, ਗ਼ਦਰ ਲਹਿਰ, ਜਲ੍ਹਿਆਂਵਾਲੇ ਬਾਗ਼ ਨਾਲ ਸਬੰਧਿਤ ਰੌਲਟ ਐਕਟ ਵਿਰੋਧੀ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ, ਭਗਤ ਸਿੰਘ ਨਾਲ ਸਬੰਧਿਤ ਲਹਿਰ ਅਤੇ ਹੋਰ ਲਹਿਰਾਂ ਅਤੇ ਮੋਰਚਿਆਂ ਵਿਚ ਹਿੱਸਾ ਲੈਣ ਵਾਲੇ ਪੰਜਾਬੀਆਂ ਅਤੇ ਸਿੱਖਾਂ ਦਾ ਯੋਗਦਾਨ ਸੂਰਮਗਤੀ ਵਾਲਾ, ਵਿਆਪਕ ਅਤੇ ਬਹੁਪਰਤੀ ਸੀ। ਇਹ ਲੇਖ ਇਸ ਯੋਗਦਾਨ ਦੇ ਅਜਿਹੇ ਕੁਝ ਪੱਖਾਂ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਹੈ।

ਜਦੋਂ ਤੱਕ ਸ਼ੇਰਾਂ ਦਾ ਇਤਿਹਾਸ ਲਿਖਣ ਵਾਲੇ ਸ਼ੇਰਾਂ ਦੇ ਆਪਣੇ ਇਤਿਹਾਸਕਾਰ ਨਹੀਂ ਜੰਮਦੇ, ਸ਼ਿਕਾਰ ਵਿਚ ਜਿੱਤ ਹਮੇਸ਼ਾ ਸ਼ਿਕਾਰੀ ਦੀ ਹੀ ਹੋਵੇਗੀ।
**- ਅਫ਼ਰੀਕਨ ਲੋਕ-ਗਾਥਾ**

ਹਿੰਦੋਸਤਾਨ ਦੀ ਆਜ਼ਾਦੀ ਵਿਚ ਸਿੱਖਾਂ ਦੇ ਯੋਗਦਾਨ ਬਾਰੇ ਮੁੜ ਵਿਚਾਰ ਕਰਦਿਆਂ ਸਾਨੂੰ ਪੰਜਾਬ ਦੇ ਬਰਤਾਨਵੀ ਸਾਮਰਾਜ ਵਿਚ ਸ਼ਾਮਲ ਕਰਨ ਉਪਰੰਤ ਉਸ ਦੇ ਪ੍ਰਬੰਧਕੀ ਕਾਰਜ ਕਰਨ ਹਿਤ ਅੰਗਰੇਜ਼ਾਂ ਵੱਲੋਂ ਬਣਾਏ ਗਏ ਮਾਡਲ ਦਾ ਅਧਿਐਨ ਕਰਨਾ ਵੀ ਜ਼ਰੂਰੀ ਹੋਵੇਗਾ ਜਿਸ ਅਧੀਨ ਉਨ੍ਹਾਂ ਨੇ ਸਿੱਖਾਂ ਦੇ ਮਨਾਂ ਨੂੰ ਜਿੱਤਣ ਦੀ ਕੋਸ਼ਿਸ਼ ਦੇ ਨਾਲ ਇਕ ਤਾਂ ਰਵਾਇਤੀ ਜਾਗੀਰਦਾਰਾਂ ਤੇ ਧਾਰਮਿਕ ਨੇਤਾਵਾਂ ਨੂੰ ਖੁੱਲ੍ਹੀਆਂ ਜਗੀਰਾਂ ਦਿੱਤੀਆਂ ਤੇ ਦੂਜਾ, ਉਨ੍ਹਾਂ ਦੇ ਧਾਰਮਿਕ ਅਸਥਾਨਾਂ 'ਤੇ ਅਸਿੱਧੇ ਤੌਰ 'ਤੇ ਕਾਬਜ਼ ਹੋਣ ਲਈ ਕਈ ਤਰ੍ਹਾਂ ਦੀਆਂ ਮਿੱਥਾਂ ਪ੍ਰਚਲਿਤ ਕੀਤੀਆਂ। ਇਨ੍ਹਾਂ ਵਿਚੋਂ ਸਭ ਤੋਂ ਅਹਿਮ ਮਿੱਥ ਹੈ ਬਰਤਾਨਵੀ ਰਾਜ ਪ੍ਰਤੀ ਸਿੱਖਾਂ ਦੀ ਵਫ਼ਾਦਾਰੀ। ਇਸ ਆਸ਼ੇ ਨੂੰ ਮੁੱਖ ਰੱਖ ਕੇ ਹੀ ਬਰਤਾਨਵੀ ਹਾਕਮਾਂ ਤੇ ਇਤਿਹਾਸਕਾਰਾਂ ਨੇ ਹਿੰਦੋਸਤਾਨ ਦੇ ਲੋਕ ਉਭਾਰਾਂ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਅਤੇ ਮੁਲਕ ਦੀ ਅਨੇਕਤਾ ਵਿਚ ਏਕਤਾ ਦੀ ਤਸਵੀਰ ਘਿਣਾਉਣੀ ਬਣਾ ਕੇ ਪੇਸ਼ ਕੀਤੀ। ਬੇਸ਼ੱਕ ਆਜ਼ਾਦ ਭਾਰਤ ਵਿਚ ਦੇਸ਼ ਦੇ ਸੁਤੰਤਰਤਾ ਸੰਗਰਾਮ ਬਾਰੇ ਬਹੁਤ ਸਾਰਾ ਸਾਹਿਤ ਲਿਖਿਆ ਗਿਆ ਹੈ।

ਸੂਰਬੀਰ ਪੰਜਾਬੀਆਂ ਨੇ ਆਜ਼ਾਦੀ ਦੀ ਭਾਵਨਾ ਨੂੰ ਜਿਉਂਦੀ ਰੱਖਿਆ ਅਤੇ ਬਰਤਾਨਵੀ ਹਕੂਮਤ ਖਿਲਾਫ਼ ਰੋਸ ਦੀਆਂ ਵੱਖ ਵੱਖ ਲਹਿਰਾਂ ਦੇ ਰੂਪ ਵਿਚ ਇਸ ਦਾ ਪ੍ਰਗਟਾਵਾ ਹੋਇਆ। ਇਹ ਮਹਿਸੂਸ ਕਰਨ ਮਗਰੋਂ ਕਿ ਆਜ਼ਾਦੀ ਲਈ ਪੰਜਾਬੀਆਂ ਦੇ ਪ੍ਰੇਮ ਨੂੰ ਕੁਚਲ ਸਕਣਾ ਉਨ੍ਹਾਂ ਲਈ ਸੰਭਵ ਨਹੀਂ, ਬਰਤਾਨਵੀ ਹਾਕਮਾਂ ਨੇ ਨਵੇਂ ਪੈਂਤੜੇ ਆਪਣਾ ਕੇ ਡਟਵਾਂ ਵਿਰੋਧ ਕਰਨ ਵਾਲੇ ਜੁਝਾਰੂਆਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ। ਇਹੋ ਕਾਰਨ ਸੀ ਕਿ ਨੌਜਵਾਨ ਬਰਤਾਨਵੀ ਪ੍ਰਸ਼ਾਸਕਾਂ ਦਾ ਇਕ ਦਲ, ਖ਼ਾਸਕਰ ਲਾਰੈਂਸ ਭਰਾ, ਹੈਨਰੀ ਤੇ ਜੌਨ ਨੂੰ ਉਚੇਚੇ ਤੌਰ 'ਤੇ ਪੰਜਾਬ ਲਿਆਂਦਾ ਗਿਆ। ਉਨ੍ਹਾਂ ਨੂੰ ਜਿਸ ਢੰਗ ਦਾ ਰਾਜ ਪ੍ਰਬੰਧ ਕਰਨ ਲਈ ਸਿਖਲਾਈ ਦਿੱਤੀ ਸੀ ਉਹ ਮਗਰੋਂ Punjab School of AFministration ਕਰਕੇ ਜਾਣਿਆ ਜਾਣ ਲੱਗਾ। ਪੰਜਾਬ ਦੇ ਇਤਿਹਾਸ ਅਤੇ ਪੰਜਾਬੀ ਸੁਭਾਅ ਦੇ ਖ਼ਾਸ ਲੱਛਣਾਂ ਦਾ ਅਧਿਐਨ ਕਰਨ ਮਗਰੋਂ ਇਹ ਨੌਜਵਾਨ ਪ੍ਰਸ਼ਾਸਕ ਇਸ ਨਿਰਣੇ 'ਤੇ ਅੱਪੜੇ ਕਿ ਪੰਜਾਬੀਆਂ ਨੂੰ ਤਾਕਤ ਨਾਲ ਦਬਾਉਣ ਦੀ ਥਾਂ ਇਨ੍ਹਾਂ ਨੂੰ ਬੰਗਾਲੀ ਜਾਗੀਰਦਾਰਾਂ ਦੇ ਮਾਡਲ ਉੱਤੇ ਪੰਜਾਬ ਵਿਚ ਕੁਦਰਤੀ ਆਗੂਆਂ Natural leAFers ਦੀ ਇਕ ਜਮਾਤ ਖੜ੍ਹੀ ਕਰ ਕੇ ਚੰਗੀ ਤਰ੍ਹਾਂ ਕਾਬੂ ਵਿਚ ਰੱਖਿਆ ਜਾ ਸਕਦਾ ਹੈ। ਇਸੇ ਨੀਤੀ ਦਾ ਨਤੀਜਾ ਸੀ ਕਿ ਪੰਜਾਬੀ ਸਮਾਜ ਵਿਚ ਗ਼ੈਰ-ਕੁਦਰਤੀ ਵੰਡੀਆਂ ਪਾਈਆਂ ਗਈਆਂ ਜਿਵੇਂ ਸ਼ਹਿਰੀ ਤੇ ਪੇਂਡੂ, ਜ਼ਰਈ ਤੇ ਗੈਰ-ਜ਼ਰਈ, ਜੱਟ ਤੇ ਗ਼ੈਰ-ਜੱਟ ਅਤੇ ਜੁਝਾਰੂ ਤੇ ਅਜੁਝਾਰੂ ਜਾਤੀਆਂ ਦੀਆਂ ਮਿੱਥਾਂ ਪ੍ਰਚਾਰੀਆਂ ਗਈਆਂ। ਫਿਰ ਇਸੇ ਗੱਲ ਨੂੰ ਮੁੱਖ ਰੱਖ ਕੇ ਬਰਤਾਨਵੀ ਹਾਕਮਾਂ ਨੇ ਪਹਿਲਾਂ 1857 ਦੀ ਬਗ਼ਾਵਤ ਦੌਰਾਨ ਪੰਜਾਬ ਦੇ ਲੋਕ-ਉਭਾਰ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਅਤੇ ਇਸ ਵਿਚ ਅਸਫਲ ਹੋ ਕੇ ਉਨ੍ਹਾਂ ਨੇ ਸੂਬੇ ਵਿਚ ਰਾਸ਼ਟਰਵਾਦ ਦੀਆਂ ਪ੍ਰਫੁੱਲਤ ਹੋ ਰਹੀਆਂ ਸ਼ਕਤੀਆਂ ਨੂੰ ਕਮਜ਼ੋਰ ਕਰਨ ਲਈ ਪੰਜਾਬੀਆਂ ਅਤੇ ਖ਼ਾਸਕਰ ਸਿੱਖਾਂ ਦੀ ਵਫ਼ਾਦਾਰੀ ਦੀ ਮਿੱਥ ਦਾ ਪ੍ਰਚਾਰ ਕੀਤਾ।

ਜਰਮਨ ਵਿਦਵਾਨ ਡੋਲਰਸ ਡੋਮਿਨ ਨੇ 1857 ਦੀ ਲਹਿਰ ਵਿਚ ਸਿੱਖਾਂ ਦੀ ਭੂਮਿਕਾ ਨੂੰ ਆਪਣੇ ਨਿਬੰਧ ਵਿਚ ਪੂਰੇ ਦਸਤਾਵੇਜ਼ੀ ਸਬੂਤਾਂ ਨਾਲ ਉਜਾਗਰ ਕੀਤਾ ਹੈ। ਬੜੇ ਤਰਕਸ਼ੀਲ ਢੰਗ ਨਾਲ ਡੋਮਿਨ ਨੇ ਸਰਕਾਰੀ ਰਿਕਾਰਡ ਖ਼ਾਸ ਤੌਰ 'ਤੇ 'ਗਦਰ ਤੇ ਪਾਰਲੀਮੈਂਟਰੀ ਪੱਤਰਾਂ' ਦਾ ਅਧਿਐਨ ਕਰ ਕੇ ਸਿੱਧ ਕੀਤਾ ਹੈ ਕਿ ਆਪਣੇ ਬਾਕੀ ਦੇਸ਼ ਵਾਸੀਆਂ ਦੇ ਨਾਲ ਸਿੱਖਾਂ ਨੇ ਵੀ ਵੱਖ-ਵੱਖ ਯੂਨਿਟਾਂ ਵਿਚ ਬਗ਼ਾਵਤ ਕੀਤੀ ਸੀ। ਉਸ ਨੇ ਬਗ਼ਾਵਤ ਵਿਚ ਉੱਠਣ ਵਾਲੇ ਸਥਾਨਕ ਪਿਆਦਾ, ਝਾਂਸੀ, ਦੀ 12ਵੀਂ ਰੈਜੀਮੈਂਟ ਦੇ ਸੈਂਕੜੇ ਜਵਾਨਾਂ ਦੀਆਂ ਮਿਸਾਲਾਂ ਪੇਸ਼ ਕੀਤੀਆਂ ਹਨ। ਦਿੱਲੀ ਦੇ ਪਤਨ ਤੋਂ ਪਿੱਛੋਂ 25 ਗਦਰੀ ਗ੍ਰਿਫ਼ਤਾਰ ਕੀਤੇ ਗਏ ਸਨ ਜਿਨ੍ਹਾਂ ਵਿਚੋਂ 21 ਨੂੰ ਚੀਫ ਕਮਿਸ਼ਨਰ ਜੌਨ ਲਾਰੈਂਸ ਦੇ ਸਾਹਮਣੇ 5 ਫਰਵਰੀ 1957 ਨੂੰ ਲੁਧਿਆਣੇ ਵਿਚ ਫਾਹੇ ਲਾਇਆ ਗਿਆ। ਇਸੇ ਤਰ੍ਹਾਂ ਮਊ ਵਿਚ 124 ਪੰਜਾਬੀਆਂ ਨੇ ਬਗ਼ਾਵਤ ਕੀਤੀ ਸੀ ਜਿਨ੍ਹਾਂ ਵਿਚੋਂ 68 ਸਿੱਖ ਸਨ। ਪਹਿਲੀ ਜੁਲਾਈ 1858 ਨੂੰ ਲੁਧਿਆਣਾ ਰੈਜੀਮੈਂਟ ਦੇ ਜਵਾਨਾਂ ਨੇ ਬਨਾਰਸ ਵਿਚ ਬਗ਼ਾਵਤ ਕੀਤੀ। ਡੋਮਿਨ ਦੇ ਸ਼ਬਦਾਂ ਵਿਚ, "37ਵੀਂ ਰੈਜੀਮੈਂਟ ਐਨ.ਆਈ. ਨੂੰ ਤੋੜਨ ਦੀ ਅਸਫ਼ਲ ਕੋਸ਼ਿਸ਼ ਵਿਚ ਸਿੱਖ ਆਪ ਬਗ਼ਾਵਤ ਵਿਚ ਸ਼ਾਮਲ ਹੋਏ ਸਨ।"

ਸਬੂਤ ਮਿਲਦੇ ਹਨ ਕਿ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਬਗ਼ਾਵਤ ਲਈ ਲੋਕ ਉੱਠੇ। ਅੰਮ੍ਰਿਤਸਰ ਵਿਚ ਵੈਰਾਗੀ ਵੱਡੀ ਗਿਣਤੀ ਵਿਚ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਪਾਏ ਗਏ। ਲੁਧਿਆਣੇ ਵਿਚ ਲੋਕਾਂ ਨੇ ਬਾਗ਼ੀਆਂ ਨਾਲ ਸਿਰਫ਼ ਹਮਦਰਦੀ ਹੀ ਨਹੀਂ ਦਿਖਾਈ ਸਗੋਂ ਹਥਿਆਰ ਵੀ ਇਕੱਠੇ ਕੀਤੇ ਜਿਹੜੇ ਮਗਰੋਂ ਸਰਕਾਰ ਦੇ ਕਾਬੂ ਆ ਗਏ। ਪੂਰੇ ਬਾਈ ਬੰਦਿਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਫਿਰੋਜ਼ਪੁਰ ਵਿਚ ਇਕ ਸਾਧੂ ਨੇ ਵਿਦਰੋਹੀ ਇਰਾਦੇ ਨਾਲ ਆਪਣੇ ਕੁਝ ਪੈਰੋਕਾਰ ਇਕੱਠੇ ਕੀਤੇ। ਉਸ ਨੂੰ ਫਾਹੇ ਲਾਇਆ ਗਿਆ ਤੇ ਉਹਦੇ ਪੈਰੋਕਾਰਾਂ ਉੱਤੇ ਹਮਲਾ ਕਰਕੇ ਉਨ੍ਹਾਂ ਨੂੰ ਮਾਰ ਮੁਕਾਇਆ ਗਿਆ। ਰੋਪੜ (ਹੁਣ ਰੂਪਨਗਰ) ਵਿਚ ਮੋਹਰ ਸਿੰਘ ਨਾਂ ਦੇ ਸਿੱਖ ਨੇ ਬਰਤਾਨਵੀ ਹਕੂਮਤ ਦੇ ਖ਼ਾਤਮੇ ਦਾ ਐਲਾਨ ਕਰਦਿਆਂ ਗਊਕੁਸ਼ੀ ਬੰਦ ਕਰਨ ਤੇ ਮੁਗ਼ਲ ਖਾਲਸਾ ਸਰਕਾਰ ਦੀ ਸਥਾਪਨਾ ਕਰਨ ਦਾ ਐਲਾਨ ਕਰ ਦਿੱਤਾ। ਉਸ ਨੂੰ ਉਸ ਦੇ ਦੋ ਸਾਥੀਆਂ ਸਮੇਤ ਫਾਹੇ ਲਾਇਆ ਗਿਆ। ਸਿਆਲਕੋਟ ਵਿਚ ਤਾਂ ਪੰਜਾਬੀ ਸੈਨਾ ਪੁਲੀਸ ਨੇ ਵੀ ਬਗ਼ਾਵਤ ਕਰ ਦਿੱਤੀ ਸੀ। ਖ਼ਜ਼ਾਨਾ ਲੁੱਟਿਆ ਗਿਆ, 12 ਪਾਉਂਡੀ ਗੋਲੇ ਵਾਲੀ ਤੋਪ ਚੁਰਾ ਲਈ ਗਈ ਤੇ ਅਸਲਾਖਾਨੇ ਉਡਾ ਦਿੱਤੇ ਗਏ। ਪਿੰਡਾਂ ਦੇ ਬਹੁਤ ਸਾਰੇ ਮੁਖੀਏ ਫਾਹੇ ਲਾਏ ਗਏ ਤੇ ਲਗਭਗ ਪੰਝੀ ਪਿੰਡਾਂ ਨੂੰ ਕੋਰੜੇ ਮਾਰੇ ਗਏ। ਪੰਜਾਬ ਵਿਚ ਬਗ਼ਾਵਤ ਨੂੰ ਦਬਾਉਣ ਲਈ ਤਕਰੀਬਨ ਪੰਝੀ ਦਿਨ ਲੱਗੇ ਸਨ। 1907 ਦੀ ਜ਼ਰਈ ਬੇਚੈਨੀ ਸ਼ਾਇਦ ਅੰਗਰੇਜ਼ ਰਾਜ ਖਿਲਾਫ਼ ਪੰਜਾਬੀ ਰੋਸ ਦਾ ਪਹਿਲਾ ਜਥੇਬੰਦ ਪ੍ਰਗਟਾਵਾ ਸੀ। ਸੂਬੇ ਵਿਚ ਵੀ ਤੇ ਬਾਹਰ ਵੀ ਕੌਮੀ ਅਖ਼ਬਾਰਾਂ ਨੇ ਉਨ੍ਹਾਂ ਦੇ ਉਦੇਸ਼ ਦੀ ਹਮਾਇਤ ਕੀਤੀ ਅਤੇ ਬਿਲ ਵਾਪਸ ਲੈਣ ਦੀ ਮੰਗ ਕੀਤੀ। ਲਾਲਾ ਲਾਜਪਤ ਰਾਏ, ਸਰਦਾਰ ਅਜੀਤ ਸਿੰਘ ਤੇ ਸਈਅਦ ਹੈਦਰ ਮਿਰਜ਼ਾ ਵਰਗੇ ਕੌਮੀ ਆਗੂਆਂ ਨੇ ਕਿਸਾਨਾਂ ਨੂੰ ਰਾਜਸੀ ਤੌਰ 'ਤੇ ਚੇਤੰਨ ਕਰਨ ਲਈ ਇਸ ਮੌਕੇ ਨੂੰ ਵਰਤਿਆ। ਬਾਂਕੇ ਦਿਆਲ ਦੇ ਪ੍ਰਸਿੱਧ ਗੀਤ 'ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ' ਨੇ ਕਿਸਾਨਾਂ ਨੂੰ ਉਨ੍ਹਾਂ ਦੀ ਤਰਸਯੋਗ ਹਾਲਤ ਅਤੇ ਬਰਤਾਨੀਆ-ਪੱਖੀ ਜਾਗੀਰੂ ਰਈਸਾਂ ਵੱਲੋਂ ਕੀਤੀ ਜਾਂਦੀ ਲੁੱਟ-ਖਸੁੱਟ ਦਾ ਚੇਤਾ ਕਰਾਇਆ ਅਤੇ ਉਨ੍ਹਾਂ ਨੂੰ ਬਰਤਾਨਵੀ ਹਕੂਮਤ ਦੀਆਂ ਬੇਇਨਸਾਫ਼ੀਆਂ ਵਿਰੁੱਧ ਮੈਦਾਨ ਵਿਚ ਨਿਤਰਣ ਲਈ ਹਲੂਣਿਆ। ਪੰਜਾਬ ਦੇ ਅਧਿਕਾਰੀਆਂ ਨੇ ਅੰਦੋਲਨਕਾਰੀਆਂ ਤੇ ਉਨ੍ਹਾਂ ਦੇ ਆਗੂਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਅਤੇ ਲਾਲਾ ਲਾਜਪਤ ਰਾਏ ਤੇ ਸ. ਅਜੀਤ ਸਿੰਘ ਨੂੰ ਦੇਸ਼ ਬਦਰ ਕਰ ਦਿੱਤਾ। ਪਰ ਜਦੋਂ ਦਿੱਲੀ ਦੇ ਉੱਚ ਅਧਿਕਾਰੀਆਂ ਨੇ ਮਹਿਸੂਸ ਕੀਤਾ ਕਿ ਚੁੱਕੇ ਗਏ ਕਦਮਾਂ ਨਾਲ ਸਿੱਖ ਸੈਨਿਕਾਂ ਵਿਚ ਬੇਚੈਨੀ ਪੈਦਾ ਹੋ ਗਈ ਹੈ ਤਾਂ ਹਿੰਦੁਸਤਾਨ ਦੇ ਵਾਇਸਰਾਏ ਨੇ ਆਬਾਦਕਾਰੀ ਬਿੱਲ ਵਾਪਸ ਲੈ ਲਿਆ।

ਬਿੱਲ ਦੀ ਵਾਪਸੀ 'ਤੇ ਜ਼ਮੀਨ ਤੇ ਪਾਣੀ ਦੀਆਂ ਦਰਾਂ ਘੱਟ ਕਰਨ ਨਾਲ ਅੰਦੋਲਨ ਠੰਢਾ ਪੈ ਗਿਆ ਪਰ ਜ਼ਰਈ ਬੇਚੈਨੀ ਨੇ ਬਰਤਾਨਵੀ ਹਕੂਮਤ ਵੱਲ ਪੰਜਾਬੀ ਕਿਸਾਨੀ ਦੀ ਵਫ਼ਾਦਾਰੀ ਦੀ ਇਕ ਹੋਰ ਮਿੱਥ ਵੀ ਤੋੜ ਦਿੱਤੀ। ਇਸ ਨਾਲ ਪੰਜਾਬ ਦੇ ਲੋਕਾਂ ਵਿਚ ਬੇਚੈਨੀ ਦਾ ਆਰੰਭ ਹੋਇਆ। ਇਹ ਬੇਚੈਨੀ ਅਤੇ ਸਰਕਾਰ ਪ੍ਰਤੀ ਰੋਹ ਵੱਖ ਵੱਖ ਲਹਿਰਾਂ ਜਿਵੇਂ ਗਦਰ ਲਹਿਰ, ਰੌਲਟ ਐਕਟ ਅੰਦੋਲਨ, ਜਲ੍ਹਿਆਂਵਾਲਾ ਬਾਗ਼ ਦਾ ਦੁਖਾਂਤ, ਅਕਾਲੀ ਲਹਿਰ ਦੇ ਰੂਪ 'ਚ ਉਭਰਿਆ ਅਤੇ ਇਸ ਰੋਹ ਦਾ ਸਿਖਰ ਜਾਂ ਅਤਿ-ਇਨਕਲਾਬੀ ਤੇ ਜੁਝਾਰੂ ਰੂਪ ਬੱਬਰ ਅਕਾਲੀ ਲਹਿਰ, ਕਿਰਤੀ ਕਿਸਾਨ ਅਤੇ ਭਾਰਤ ਨੌਜਵਾਨ ਸਭਾ 'ਚ ਵੇਖਣ ਨੂੰ ਮਿਲਿਆ। ਵਧ ਰਹੀ ਰਾਜਨੀਤਕ ਬੇਚੈਨੀ ਦੇ ਫਲਸਰੂਪ ਅਕਾਲੀ ਸੰਘਰਸ਼ ਵਰਗੀ ਨਿਰੋਲ ਧਾਰਮਿਕ ਲਹਿਰ ਬਰਤਾਨੀਆ ਵਿਰੋਧੀ ਮੋੜ ਕੱਟ ਗਈ ਅਤੇ ਪੰਜਾਬ ਅੰਦਰ ਕੌਮੀ ਸੰਗਰਾਮ ਦਾ ਅਤਿਅੰਤ ਸ਼ਕਤੀਸ਼ਾਲੀ ਪ੍ਰਗਟਾਵਾ ਹੋ ਨਿਬੜੀ। ਇਸ ਗੱਲ ਦਾ ਸਿਹਰਾ ਉਨ੍ਹਾਂ ਦਿਨਾਂ ਦੇ ਆਗੂਆਂ ਦੇ ਸਿਰ ਬੱਝਦਾ ਹੈ ਕਿ ਉਹ ਸਿੱਖਾਂ ਵਿਚਲੀ ਬੇਚੈਨੀ ਨੂੰ ਕਾਬੂ ਵਿਚ ਰੱਖ ਕੇ ਉਨ੍ਹਾਂ ਦੇ ਗੁੱਸੇ ਨੂੰ ਸ਼ਾਂਤਮਈ ਅਕਾਲੀ ਲਹਿਰ ਦੀ ਸ਼ਕਲ ਵਿਚ ਸੂਬੇ ਅੰਦਰ ਸ਼ਕਤੀਸ਼ਾਲੀ ਬਰਤਾਨੀਆ ਵਿਰੋਧੀ ਸੰਗਰਾਮ ਵਿਚ ਬਦਲ ਸਕੇ। ਅਕਾਲੀ ਪੰਜਾਬ ਦੇ ਅੰਦਰ ਵੀ ਤੇ ਬਾਹਰ ਵੀ ਧਿਆਨ ਦਾ ਕੇਂਦਰ ਬਣੇ ਰਹੇ, ਇਸ ਲਈ ਉਨ੍ਹਾਂ ਦੇ ਸੰਗਰਾਮ ਦੇ ਵੱਖ-ਵੱਖ ਪਹਿਲੂ ਜਾਣਨੇ ਚਾਹੀਦੇ ਹਨ। ਇਹ ਵੀ ਚਰਚਾ ਕਰਨੀ ਚਾਹੀਦੀ ਹੈ ਕਿ ਕਿਵੇਂ ਪੰਜਾਬ ਦੇ ਇਤਿਹਾਸ ਨੂੰ, ਖ਼ਾਸਕਰ ਨਿਕਟਵਰਤੀ ਸਿੱਖ ਅਤੀਤ ਨੂੰ ਇਉਂ ਪੁਨਰ-ਨਿਰਮਤ ਕੀਤਾ ਜਾ ਰਿਹਾ ਹੈ ਜਿਸ ਦੇ ਸਿੱਖ ਭਾਈਚਾਰੇ ਤੇ ਭਾਰਤੀ ਰਾਜ ਦੋਵਾਂ ਲਈ ਤਬਾਹਕੁੰਨ ਸਿੱਟੇ ਨਿਕਲ ਸਕਦੇ ਹਨ।

ਸ਼੍ਰੋਮਣੀ ਅਕਾਲੀ ਦਲ ਨੇ ਦਸੰਬਰ 1920 ਵਿਚ ਆਪਣੇ ਜਨਮ ਤੋਂ ਹੀ ਸ਼ਕਤੀਸ਼ਾਲੀ ਧਾਰਮਿਕ-ਰਾਜਨੀਤਕ ਅੰਦੋਲਨ ਲੜੇ ਹਨ। ਇਸ ਦੇ ਤਿੰਨ ਅਤਿ ਜ਼ਬਰਦਸਤ ਅੰਦੋਲਨਾਂ ਦੇ ਤੁਲਨਾਤਮਕ ਅਧਿਐਨ ਦੇ ਕੁਝ ਦਿਲਚਸਪ ਤੱਥ ਸਾਹਮਣੇ ਆਉਂਦੇ ਹਨ ਜਿਨ੍ਹਾਂ ਵਿਚ ਸਭ ਤੋਂ ਅਹਿਮ ਇਸ ਦੇ ਆਗੂਆਂ ਦੀ ਭੂਮਿਕਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਬੀਤੇ ਵਿਚ ਅਕਾਲੀ ਆਗੂ ਗੁਰਦੁਆਰਾ ਸੁਧਾਰ ਲਹਿਰ ਦੌਰਾਨ (1920-1925) ਲੋਕਾਂ ਦੇ ਧਾਰਮਿਕ ਉਭਾਰ ਨੂੰ ਆਜ਼ਾਦੀ ਲਈ ਹਿੰਦੁਸਤਾਨ ਦੇ ਸੰਗਰਾਮ ਦਾ ਸ਼ਕਤੀਸ਼ਾਲੀ ਸਾਧਨ ਬਣਾ ਦੇਣ ਅਤੇ ਸਿੱਖ ਭਾਈਚਾਰੇ ਨੂੰ ਭਾਰਤੀ ਰਾਸ਼ਟਰਵਾਦ ਦੀ ਮੁੱਖ ਧਾਰਾ ਵਿਚ ਲਿਆਉਣ ਵਿਚ ਸਫ਼ਲ ਹੋਏ ਸਨ। ਬੀਤੇ ਸੰਗਰਾਮ ਦੇ ਤਿੰਨ ਨਿੱਖੜਵੇਂ ਲੱਛਣਾਂ ਨੇ ਇਸ ਨੂੰ ਬਾਅਦ ਦੇ ਅਕਾਲੀ ਅੰਦੋਲਨ ਨਾਲੋਂ ਵਧੇਰੇ ਕਾਰਗਰ ਬਣਾਇਆ। ਪਹਿਲੀ ਗੱਲ ਕਿ ਅਕਾਲੀ ਆਗੂਆਂ ਨੇ ਅਖ਼ਬਾਰਾਂ ਤੇ ਲੋਕ-ਰਾਇ ਦੀ ਲੋੜ ਨੂੰ ਅਨੁਭਵ ਕਰ ਲਿਆ ਸੀ। ਉਨ੍ਹਾਂ ਨੇ ਦੋ ਸਥਾਨਕ ਬੋਲੀਆਂ ਦੇ ਅਖ਼ਬਾਰਾਂ ਅਕਾਲੀ (ਉਰਦੂ) ਅਤੇ ਅਕਾਲੀ ਤੇ ਪਰਦੇਸੀ (ਪੰਜਾਬੀ) ਤੋਂ ਇਲਾਵਾ ਨਾ ਕੇਵਲ ਅੰਗਰੇਜ਼ੀ ਅਖ਼ਬਾਰ ਹਿੰਦੋਸਤਾਨ ਟਾਈਮਜ਼ ਹੀ ਸ਼ੁਰੂ ਕੀਤਾ ਸਗੋਂ ਟ੍ਰਿਬਿਊਨ ਅਖ਼ਬਾਰ ਦੇ ਟਰੱਸਟੀ ਪ੍ਰੋ. ਰੁਚੀ ਰਾਮ ਸਾਹਨੀ ਤੇ ਹੋਰ ਗ਼ੈਰ-ਸਿੱਖ ਜਨਤਾ ਅਤੇ ਰਾਸ਼ਟਰੀ ਆਗੂਆਂ ਨੂੰ ਵੀ ਆਪਣੇ ਨਾਲ ਜੋੜਿਆ। ਦੂਜੇ, ਉਨ੍ਹਾਂ ਨੇ ਸ਼ੁਰੂ ਤੋਂ ਹੀ ਹਿੰਸਾ ਦਾ ਤਿਆਗ ਕੀਤਾ ਅਤੇ ਆਪਣੇ ਨਾਲੋਂ ਵੱਖਰੇ ਹੋਏ ਦਲ ਬੱਬਰ ਅਕਾਲੀਆਂ ਦੀਆਂ ਹਿੰਸਕ ਸਰਗਰਮੀਆਂ ਨੂੰ ਤੁਰੰਤ ਅਪ੍ਰਵਾਨ ਕੀਤਾ। ਤੀਜੀ ਗੱਲ, ਲਹਿਰ ਨੂੰ ਕਦੇ ਵੀ ਸੰਪਰਦਾਇਕ ਰੁਖ਼ ਅਪਣਾਉਣ ਨਹੀਂ ਦਿੱਤਾ ਗਿਆ।ਇਹ ਗੱਲ ਬੜੀ ਦਿਲਚਸਪ ਹੈ ਕਿ ਬੀਤੇ ਵਿਚ ਵੀ ਅਕਾਲੀ ਆਗੂਆਂ ਵਿਚਕਾਰ ਮਤਭੇਦ ਰਹੇ, ਪਰ ਉਹ ਬਹੁਤ ਹਾਲਤਾਂ ਵਿਚ ਆਪਣੇ ਨਿੱਜੀ ਹਿੱਤਾਂ ਤੋਂ ਉਪਰ ਉੱਠਣ ਅਤੇ ਬਹੁਤ ਅਹਿਮ ਮਸਲਿਆਂ ਉੱਤੇ ਸਹਿਮਤੀ ਬਣਾਉਣ ਵਿਚ ਸਫ਼ਲ ਹੋਏ। ਇਸ ਤੋਂ ਇਲਾਵਾ ਵੱਖ ਵੱਖ ਆਗੂ ਭਿੰਨ ਭਿੰਨ ਮਸਲਿਆਂ ਵੱਲ ਮਤਭੇਦ ਰੱਖਦੇ ਸਨ, ਪਰ ਉਹ ਆਪਣੇ ਮੁੱਖ ਨਿਸ਼ਾਨਿਆਂ ਬਾਰੇ ਸਪਸ਼ਟ ਸਨ ਅਤੇ ਸਾਂਝੀ ਸਹਿਮਤੀ ਵਾਲੇ ਪ੍ਰੋਗਰਾਮ ਲਈ ਇਕਮੁੱਠ ਹੋ ਕੇ ਖਲੋ ਸਕਦੇ ਸਨ। ਇਸ ਦੇ ਮੁਕਾਬਲੇ ਵਰਤਮਾਨ ਆਗੂ ਇਕ ਤੋਂ ਵਧੇਰੇ ਮੌਕਿਆਂ ਉੱਤੇ ਇਕਮੁੱਠ ਨਹੀਂ ਹੋ ਸਕੇ ਤੇ ਉਨ੍ਹਾਂ ਨੇ ਆਮ ਤੌਰ 'ਤੇ ਆਪਣੇ ਨਿੱਜੀ ਹਿੱਤਾਂ ਤੇ ਹਉਮੈਂ ਨੂੰ ਭਾਈਚਾਰੇ ਦੇ ਵਿਸ਼ਾਲ ਹਿੱਤਾਂ ਨਾਲੋਂ ਤਰਜੀਹ ਦਿੱਤੀ ਹੈ। ਗਾਂਧੀ ਨੇ ਅਕਾਲੀਆਂ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਸਥਾਨਕ ਸੰਗਰਾਮ ਦੇ ਘੇਰੇ ਨੂੰ ਵੱਡਾ ਕਰਨ ਅਤੇ ਨਾ-ਮਿਲਵਰਤਣ ਲਹਿਰ ਵਿਚ ਸ਼ਾਮਲ ਹੋ ਕੇ ਹਿੰਦੋਸਤਾਨ ਨੂੰ ਆਜ਼ਾਦ ਕਰਵਾਉਣ। ਅਕਾਲੀ ਆਗੂਆਂ ਉਹਦੀ ਸਲਾਹ ਮੰਨਦਿਆਂ 5 ਮਈ 1921 ਨੂੰ ਨਾ-ਮਿਲਵਰਤਣ ਦੇ ਪੱਖ ਵਿਚ ਰਸਮੀ ਮਤਾ ਪਾਸ ਕਰ ਕੇ ਤੁਰੰਤ ਰਾਸ਼ਟਰੀ ਸੰਗਰਾਮ ਵਿਚ ਸ਼ਾਮਲ ਹੋ ਗਏ। ਅਕਾਲੀਆਂ ਵੱਲੋਂ ਅਹਿੰਸਾ ਦੀ ਸਖ਼ਤ ਪਾਲਣਾ ਨੇ ਗਾਂਧੀ ਨੂੰ ਏਨਾ ਪ੍ਰਭਾਵਿਤ ਕੀਤਾ ਸੀ ਕਿ ਉਹ ਬੜਾ ਚਿਰ ਆਪਣੀਆਂ ਲਿਖਤਾਂ ਤੇ ਤਕਰੀਰਾਂ ਵਿਚ ਨਨਕਾਣੇ ਦੇ ਸਾਕੇ ਦਾ ਜ਼ਿਕਰ ਕਰਦਾ ਰਿਹਾ। ਮੁਲਸ਼ੀ ਪੇਟਾ ਦੇ ਸਤਿਆਗ੍ਰਹਿਆਂ ਨੂੰ ਸੰਬੋਧਨ ਕਰਦਿਆਂ ਉਸ ਆਖਿਆ ਸੀ, "ਮੈਂ ਮੁਲਸ਼ੀ ਪੇਟਾ ਵਿਚ ਲਛਮਣ ਸਿੰਘ ਤੇ ਦਲੀਪ ਸਿੰਘ ਦੀ ਸੁਰਬੀਰਤਾ ਦੇਖਣਾ ਚਾਹੁੰਦਾ ਹਾਂ। ਆਪਣੀ ਚੀਚੀ ਉਠਾਏ ਬਗ਼ੈਰ ਇਹ ਦੋਵੇਂ ਸੂਰਮੇ ਨਨਕਾਣਾ ਸਾਹਿਬ ਦੇ ਮਹੰਤ ਨਰਾਇਣ ਦਾਸ ਦੇ ਹਮਲੇ ਅੱਗੇ ਬੇਖ਼ੌਫ਼ ਡਟੇ ਰਹੇ ਅਤੇ ਸ਼ਹੀਦੀਆਂ ਪਾ ਗਏ।" ਉਨ੍ਹਾਂ ਦੀ ਇਸ ਬਹਾਦਰੀ ਦੀ ਮੇਲਾਗਾਉਂ ਦੇ ਵਸਨੀਕਾਂ ਦੇ ਹਿੰਸਕ ਅਮਲਾਂ ਨਾਲ ਤੁਲਨਾ ਕਰਦਿਆਂ ਗਾਂਧੀ ਨੇ ਆਖਿਆ ਸੀ: "ਜੇ ਇਨ੍ਹਾਂ ਦੋਹਾਂ ਭਾਈਆਂ (ਲਛਮਣ ਸਿੰਘ ਤੇ ਦਲੀਪ ਸਿੰਘ) ਨੇ ਨਨਕਾਣਾ ਸਾਹਿਬ ਵਿਚ ਅਤਿ ਦੇ ਸਾਊਆਂ ਵਾਲਾ ਵਿਹਾਰ ਕੀਤਾ ਤਾਂ ਮੇਲਾਗਾਉਂ ਦੇ ਵਾਸੀਆਂ ਨੇ ਓਨਾ ਹੀ ਅਤਿ ਦਾ ਘਿਨੌਣਾਪਣ ਦਰਸਾਇਆ ਹੈ।" ਅਕਾਲੀ ਲਹਿਰ ਦੌਰਾਨ ਕਾਂਗਰਸ ਨੂੰ ਮਹਾਤਮਾ ਗਾਂਧੀ ਦੇ ਸ਼ੁਰੂ ਕੀਤੇ ਨਾ-ਮਿਲਵਰਤਣ ਦੇ ਪ੍ਰੋਗਰਾਮ ਨੂੰ ਅੱਗੇ ਵਧਾਉਣ ਅਤੇ ਪੰਜਾਬ ਵਿਚ ਆਪਣੀ ਸਥਿਤੀ ਮਜ਼ਬੂਤ ਕਰਨ ਦਾ ਮੌਕਾ ਮਿਲਿਆ। ਅਕਾਲੀ ਆਗੂਆਂ ਨੂੰ ਆਪਣੇ ਨਾਲ ਜੋੜ ਕੇ ਉਹ ਸਿੱਖ ਜਨ-ਸਮੂਹ, ਜਿਹੜਾ ਹੁਣ ਤੱਕ ਕਾਂਗਰਸ ਦੇ ਪ੍ਰੋਗਰਾਮ ਤੋਂ ਦੂਰ ਹੀ ਸੀ, ਦੇ ਬਹੁਤੇ ਹਲਕਿਆਂ ਨੂੰ ਪ੍ਰਭਾਵਿਤ ਕਰਨ ਵਿਚ ਕਾਮਯਾਬ ਹੋਏ।

ਅਕਾਲੀਆਂ ਨੂੰ ਸਰਕਾਰ ਖਿਲਾਫ਼ ਉਨ੍ਹਾਂ ਦੇ ਅਹਿੰਸਕ ਸੰਗਰਾਮ ਵਿਚ ਇਖ਼ਲਾਕੀ ਹਮਾਇਤ ਦੇਣ ਲਈ ਕਾਂਗਰਸੀ ਆਗੂਆਂ ਨੇ ਰਸਮੀ ਮਤੇ ਪਾਸ ਕੀਤੇ ਤੇ ਆਪਣੀ ਪੂਰਨ ਸਮਰੱਥਾ ਨਾਲ ਉਸ ਦੀ ਹਮਾਇਤ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਉੱਤੇ ਸਰਕਾਰੀ ਹਮਲਿਆਂ ਨੂੰ ਸਾਰੇ ਹਿੰਦੋਸਤਾਨੀਆਂ ਦੇ ਸੁਤੰਤਰ ਸੰਗਠਨ ਬਣਾਉਣ ਦੇ ਅਧਿਕਾਰ ਲਈ ਚੁਣੌਤੀ ਅਤੇ ਆਜ਼ਾਦੀ ਦੀਆਂ ਸਭਨਾਂ ਲਹਿਰਾਂ ਉੱਤੇ ਇਕ ਸੱਟ ਆਖਿਆ। ਸੱਤਿਆਗ੍ਰਹਿ ਕਮੇਟੀ ਦੇ ਕਨਵੀਨਰ ਡਾ. ਕਿਚਲੂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ "ਅਕਾਲੀ ਸੰਗਰਾਮ ਹੁਣ ਇਕ ਰਾਸ਼ਟਰੀ ਸੰਗਰਾਮ ਹੈ।"

ਇਖ਼ਲਾਕੀ ਸਹਾਇਤਾ ਦੇਣ ਦੇ ਰਸਮੀ ਮਤੇ ਪਾਸ ਕਰਨ ਦੇ ਨਾਲ ਨਾਲ ਕਾਂਗਰਸੀ ਆਗੂਆਂ ਨੇ ਅਕਾਲੀਆਂ ਦੇ ਪ੍ਰਚਾਰ ਦੇ ਕੰਮ ਵਿਚ ਹੱਥ ਵਟਾਉਣ ਲਈ ਕਾਂਗਰਸੀ ਵਾਲੰਟੀਅਰ ਭੇਜ ਕੇ ਉਨ੍ਹਾਂ ਦੀ ਨਿੱਗਰ ਵਿਹਾਰਕ ਮਦਦ ਕੀਤੀ। ਅਕਾਲੀਆਂ ਤੇ ਕਾਂਗਰਸ ਦੀਆਂ ਸਰਗਰਮੀਆਂ ਵਿਚ ਤਾਲਮੇਲ ਰੱਖਣ ਅਤੇ ਪ੍ਰਚਾਰ ਮਸ਼ੀਨਰੀ ਸੁਗਠਿਤ ਕਰਨ ਵਿਚ ਸਮਕਾਲੀਆਂ ਦੀ ਮਦਦ ਲਈ ਅੰਮ੍ਰਿਤਸਰ ਵਿਖੇ ਅਕਾਲੀ ਸਹਾਇਕ ਬਿਊਰੋ ਕਾਇਮ ਕੀਤਾ ਗਿਆ ਸੀ। ਤਕਰੀਬਨ ਸਾਰੇ ਅਹਿਮ ਰਾਸ਼ਟਰੀ ਆਗੂ, ਜਿਨ੍ਹਾਂ ਵਿਚ ਮਹਾਤਮਾ ਗਾਂਧੀ, ਪੰਡਿਤ ਮਦਨ ਮੋਹਨ ਮਾਲਵੀਆ, ਪੰਡਿਤ ਜਵਾਹਰ ਲਾਲ ਨਹਿਰੂ, ਮੌਲਾਨਾ ਮੁਹੰਮਦ ਅਲੀ ਅਤੇ ਹਕੀਮ ਅਜਮਲ ਖਾਂ ਸ਼ਾਮਲ ਸਨ, ਨਨਕਾਣੇ, ਗੁਰੂ ਕਾ ਬਾਗ਼ ਅਤੇ ਅਕਾਲੀ ਸਰਗਰਮੀ ਦੀਆਂ ਦੂਜੀਆਂ ਥਾਵਾਂ ਉੱਤੇ ਘਟਨਾਵਾਂ ਦੀ ਸਿੱਧੀ ਜਾਣਕਾਰੀ ਪ੍ਰਾਪਤ ਕਰਨ ਅਤੇ ਸਲਾਹ ਮਸ਼ਵਰਾ ਤੇ ਇਖ਼ਲਾਕੀ ਸਮਰਥਨ ਦੇ ਕੇ ਅਕਾਲੀਆਂ ਦੀ ਮਦਦ ਕਰਨ ਲਈ ਪੁੱਜੇ।


ਬੀਬੀਆਂ ਦਾ ਸ਼ਹੀਦੀ ਜਥਾ ਜੈਤੋ ਵੱਲ ਕੂਚ ਕਰਨ ਮੌਕੇ।

# ਮੈਂਬਰ ਪਾਰਲੀਮੈਂਟ ਵੱਲੋਂ ਜ਼ਿਲ੍ਹਾ ਪੱਧਰੀ ਵਿਕਾਸ 'ਤੇ ਨਿਗਰਾਨ ਕਮੇਟੀ ਦੀ ਕੀਤੀ ਗਈ ਮੀਟਿੰਗ

**ਬਠਿੰਡਾ -ਜਸਵੀਰ ਔਲਖ-**
**-ਰੋਜ਼ਾਨਾ ਸਵੇਰਾ-**

ਜ਼ਿਲ੍ਹਾ ਪੱਧਰੀ ਵਿਕਾਸ ਅਤੇ ਨਿਗਰਾਨ ਕਮੇਟੀ (ਦਿਸ਼ਾ) ਦੀ ਮੀਟਿੰਗ ਚੈਅਰਪਰਸ਼ਨ ਮੈਂਬਰ ਪਾਰਲੀਮੈਂਟ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਦੀ ਪ੍ਰਧਾਨਗੀ ਹੇਠ ਹੋਈ।ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ 'ਚ ਹੋਈ,ਇਸ ਮੀਟਿੰਗ ਦੌਰਾਨ ਜ਼ਿਲ੍ਹੇ ਭਰ 'ਚ ਚੱਲ ਰਹੀਆਂਵੱਖ-ਵੱਖ ਸਕੀਮਾਂ ਤਹਿਤ ਵਿੱਤੀ ਵਰ੍ਹਾ 2021-22 ਅਤੇ ਸਾਲ 2022-23 ਹੁਣ ਤੱਕ ਦੀ ਪ੍ਰਗਤੀ ਰਿਪੋਰਟ ਦੀ ਸਮੀਖਿਆ ਕੀਤੀ ਗਈ। ਇਸ ਮੌਕੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਇਸ ਦੌਰਾਨ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫ਼ੋਂ ਵਿਸ਼ਵਾਸ ਦਵਾਇਆ ਕਿ ਸਾਰੀਆਂ ਹਦਾਇਤਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇਗੀ ਅਤੇ ਦਿੱਤੇ ਗਏ ਟੀਚਿਆਂ ਨੂੰ ਤਹਿ ਸਮੇਂ ਅਨੁਸਾਰ ਯਕੀਨੀ ਬਣਾਇਆ ਜਾਵੇਗਾ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਨੇ ਐਮ.ਪੀ.ਲੈਂਡ ਸਕੀਮ ਤਹਿਤ ਵੱਖ-ਵੱਖ ਵਿਭਾਗਾਂ ਨੂੰ ਵੱਖ-ਵੱਖ ਵਿਕਾਸ ਕਾਰਜਾਂ ਲਈ ਦਿੱਤੀਆਂ ਗਈਆਂ ਗ੍ਰਾਂਟਾ ਦੀ ਸਮੀਖਿਆ ਕੀਤੀ। ਵਿਕਾਸ ਕਾਰਜਾਂ ਦੀ ਸਮੀਖਿਆਂ ਕਰਦਿਆਂ ਉਨਾਂ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਮੁਕੰਮਲ ਹੋ ਚੁੱਕੇ ਵਿਕਾਸ ਕਾਰਜਾਂ ਦੇ ਵਰਤੋਂ ਸਰਟੀਫ਼ਿਕੇਟ ਜਲਦ ਜਮ੍ਹਾਂ ਕਰਵਾਏ ਜਾਣ ਅਤੇ ਜੋ ਕੰਮ ਅਧੂਰੇ ਪਏ ਹਨ, ਉਨਾਂ ਨੂੰ ਤਹਿ ਸਮੇਂ ਅਨੁਸਾਰ ਮੁਕੰਮਲ ਕਰ ਲਿਆ ਜਾਵੇ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਕੰਮਾਂ 'ਚ ਦੇਰੀ ਅਤੇ ਕਿਸੇ ਵੀ ਤਰ੍ਹਾਂ ਅਣਗਹਿਲੀ ਨਾ ਕੀਤੀ ਜਾਵੇ।ਬੈਠਕ ਦੌਰਾਨ ਉਨਾਂ ਵੱਖ-ਵੱਖ ਵਿਕਾਸ ਕਾਰਜਾਂ ਤੇ ਲੋਕ ਭਲਾਈ ਸਕੀਮਾਂ ਦੀ ਸਮੀਖਿਆ ਕੀਤੀ ਜਿਸ 'ਚ ਕਮਿਸ਼ਨਰ ਨਗਰ ਨਿਗਮ ਬਠਿੰਡਾ ਨਾਲ ਸਬੰਧਤ ਸਵੱਛ ਭਾਰਤ ਮਿਸ਼ਨ, ਅਟਲ ਮਿਸ਼ਨ ਫਾਰਰੇਜੂ ਵੀ ਨੇਸ਼ਨ ਅਤੇ ਅਰਬਨ ਟਰਾਂਸਫਾਰਮੇਸ਼ਨ (ਅਮਰੁਤ), ਪੀ.ਡਬਲਿਓ.ਡੀ ਬੀ ਐਂਡ ਆਰ ਨਾਲ ਸਬੰਧਤ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ, ਪਬਲਿਕ ਹੈਲਥ ਵਿਭਾਗ ਨਾਲ ਸਬੰਧਤ ਨੈਸ਼ਨਲ ਰੂਰਲ ਡਰਿਕਿੰਗ ਵਾਟਰ ਅਤੇ ਸਵੱਛ ਭਾਰਤ ਮਿਸ਼ਨ (ਗ੍ਰਾਮ),ਕੈਨਾਲ ਲਾਈਨਿੰਗ ਵਿਭਾਗ ਨਾਲ ਸਬੰਧਤ ਜਲ ਵਿਕਾਸ ਯੋਜਨਾ ਅਤੇ ਐਕਸਰੇਟਡ ਇੰਨਟੀਗਰੇਸ਼ਨ ਬੈਨੀਫਿਟ ਪ੍ਰੋਗਰਾਮ, ਪੀ.ਐਸ .ਪੀ.ਸੀ. ਐਲ ਨਾਲਸਬੰਧਤ ਦੀਨ ਦਿਆਲ ਉਪਾਧਿਆ ਗਰਾਮ ਜੋਤੀਯੋਜਨਾ,ਉਜਵਲ ਡਿਸਕਾਮ ਐਸੋਰੈਂਸ (ਯੂ.ਡੀ.ਏ.ਵਾਈ)ਯੋਜਨਾ, ਐਮ.ਪੀ. ਲੈਂਡ ਸਕੀਮ ਨਾਲ ਸਬੰਧਤ ਵਿਕਾਸਕਾਰਜਾਂ, ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਨਾਲ ਸਬੰਧਤ ਨੈਸ਼ਨਲ ਸ਼ੋਸ਼ਲ ਅਸੈਸਟੈਂਸ ਪ੍ਰੋਗਰਾਮ, ਸੁਗੰਮਿਆਂ ਭਾਰਤ ਅਭਿਆਨ, ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ, ਖੇਤੀ ਵਿਕਾਸ ਵਿਭਾਗ ਨਾਲ ਸਬੰਧਤ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ(ਪੀ.ਐਮ.ਕੇ.ਐਸ.ਵਾਈ)-ਇੰਨਟੀਗਰੇਟਡ ਵਾਟਰ ਸੈੱਡ ਮੈਨੇਜਮੈਂਟ ਪ੍ਰੋਗਰਾਮ (ਆਈ.ਡਬਲਿਯੂ. ਐਮ.ਪੀ), ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ(ਪੀ.ਐਮ.ਐਫ.ਬੀ.ਵਾਈ), ਪਰੰਪਰਾਗਤ ਕ੍ਰਿਸ਼ੀ ਵਿਕਾਸ ਯੋਜਨਾ (ਪੀ.ਕੇ.ਵੀ.ਵਾਈ), ਸੁਆਇਲ ਹੈਲਥ ਕਾਰਡ, ਜ਼ਿਲ੍ਹਾ ਮੰਡੀ ਬੋਰਡ ਨਾਲ ਸਬੰਧਤ ਈ ਨੈਸ਼ਨਲ ਐਗਰੀਕਲਚਰ ਮਾਰਕੀਟ (ਈ-ਐਨ.ਏ.ਐਮ), ਜ਼ਿਲ੍ਹਾ ਪਰੀਸ਼ਦ ਨਾਲ ਸਬੰਧਤ ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇੰਮਪਲਾਈਮੈਂਟ ਗਰੰਟੀ ਸਕੀਮ,ਪੀ.ਐਮ.ਏ.ਵਾਈ-ਗ੍ਰਾਮੀਣ, ਜ਼ਿਲ੍ਹਾ ਪ੍ਰੋਗਰਾਮ ਨਾਲ ਸਬੰਧਤ ਇੰਨਟੀਗਰੇਟਡ ਚਾਈਲਡ ਡਿਪੈਲਮੈਂਟ ਸਕੀਮ (ਆਈ.ਸੀ.ਡੀ.ਐਸ), ਬੇਟੀ ਬਚਾਓ ਬੇਟੀ ਪੜ੍ਹਾਓ,ਜ਼ਿਲ੍ਹਾ ਮਾਲ ਵਿਭਾਗ ਨਾਲ ਸਬੰਧਤ ਨੈਸ਼ਨਲ ਲੈਂਡ ਰਿਕਾਰਡ ਮਾਡਰਨਾਈਜੇਸ਼ਨ ਪ੍ਰੋਗਰਾਮ (ਐਨ.ਐਲ.ਆਰ.ਐਮ.ਪੀ), ਸਿਹਤ ਵਿਭਾਗ ਵੱਲੋਂ ਨੈਸ਼ਨਲ ਹੈਲਥ ਮਿਸ਼ਨ, ਡੀ.ਐਫ.ਐਸ.ਸੀ ਵਿਭਾਗ ਨਾਲ ਸਬੰਧਤ ਪ੍ਰਧਾਨ ਮੰਤਰੀ ਉਜਵਲ ਯੋਜਨਾ (ਪੀ.ਐਮ.ਯੂ.ਵਾਈ)-ਐਲ.ਵੀ.ਜੀ ਕੁਨੈਕਸ਼ਨ ਟੂਬੀ.ਪੀ.ਐਲ ਫੈਮਲੀਜ਼, ਇੰਮਲੀਮੈਨਟੇਸ਼ਨ ਆਫ ਨੈਸ਼ਨਲ ਫੂਡ ਸਕਿਓਰਟੀ ਐਕਟ-ਐਨ.ਐਫ.ਐਸ.ਏ,ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ, ਸਿੱਖਿਆ ਵਿਭਾਗ ਨਾਲ ਸਬੰਧਤ ਸਰਬ ਸਿੱਖਿਆ ਅਭਿਆਨ (ਐਸ.ਐਸ.ਏ), ਆਰ.ਐਮ. ਐਸ.ਏ, ਮਿਡ-ਡੇ- ਮੀਲ ਅਤੇ ਸਕਿੱਲ ਡਿਵੈਲਪਮੈਂਟ ਮਿਸ਼ਨ ਅਧੀਨ ਚੱਲ ਰਹੇ ਦੀਨ ਦਿਆਲ ਉਪਾਧਿਆ-ਗ੍ਰਾਮੀਣ ਕੁਸ਼ਲਿਆ ਯੋਜਨਾ (ਡੀ.ਡੀ.ਯੂ-ਜੀ.ਕੇ.ਵਾਈ), ਪ੍ਰਧਾਨ ਮੰਤਰੀ ਕਸ਼ੌਲਿਆ ਵਿਕਾਸ ਯੋਜਨਾ, ਈ-ਗਵਰਨੈਂਸ ਅਤੇ ਡਿਜੀਟਲ ਇੰਡੀਆ ਨਾਲ ਸਬੰਧਤ ਪਬਲਿਕ ਇੰਟਰਨੈਟ ਐਕਸੈੱਸ ਪ੍ਰੋਗਰਾਮ ਤੋਂ ਇਲਾਵਾ ਪ੍ਰਧਾਨ ਮੰਤਰੀ ਖਣਿਜ ਕਲਿਆਣ ਯੋਜਨਾ, ਪ੍ਰਧਾਨ ਮੰਤਰੀ ਇੰਮਪਲਾਈਮੈਂਟ ਜਨਰੇਸ਼ਨ ਪ੍ਰੋਗਰਾਮ, ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ, ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ, ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ ਅਤੇ ਈ-ਨੈਸ਼ਨਲ ਐਗਰੀਕਲਚਰ ਮਾਰਕੀਟ ਆਦਿ ਲੋਕ ਭਲਾਈ ਸਕੀਮਾਂ ਦੀ ਸਮੀਖਿਆ ਕੀਤੀ ਗਈ। ਇਸਮੌਕੇ ਉਨਾਂ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਲੋਕ ਭਲਾਈ ਸਕੀਮਾਂ ਦਾ ਯੋਗ ਲਾਭਪਾਤਰੀਆਂ ਨੂੰ ਲਾਭ ਦੇਣਾ ਯਕੀਨੀ ਬਣਾਇਆ ਜਾਵੇ। ਦਿੱਤੇ ਗਏ ਟੀਚੇ ਸਮੇਂ-ਸਿਰ ਪੂਰੇ ਕੀਤੇ ਜਾਣ।



ਇਸ ਮੌਕੇ ਵਿਧਾਇਕ ਬਠਿੰਡਾ (ਸ਼ਹਿਰੀ) ਸ਼੍ਰੀ ਜਗਰੂਪ ਸਿੰਘ, ਵਧੀਕ ਡਿਪਟੀ ਕਮਿਸ਼ਨਰ ਜਨਰਲ ਸ਼੍ਰੀ ਰਾਹੁਲ, ਕਮਿਸ਼ਨਰ ਨਗਰ ਨਿਗਮ ਡਾ.ਪਲਵੀ ਤੋਂ ਇਲਾਵਾ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਇਸ ਤੋਂ ਮਗਰੋਂ ਬੀਬਾ ਹਰਸਿਮਰਤ ਕੌਰ ਬਾਦਲ ਨੇ ਬਲਾਕ ਸੰਗਤ ਦੇ ਕੁੱਝ ਪਿੰਡਾਂ ਵਿੱਚ ਕਈ ਪਰਿਵਾਰਾਂ ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਮੌਤ ਉਪਰੰਤ ਦੁੱਖ ਦਾ ਪ੍ਰਗਟਾਵਾ ਕਰਨ ਲਈ ਵੀ ਉਨ੍ਹਾਂ ਦੇ ਘਰਾਂ ਤੱਕ ਪਹੁੰਚ ਕੀਤੀ । ਇਸ ਮੌਕੇ ਉਨ੍ਹਾਂ ਨਾਲ ਜਿਲਾ ਪ੍ਰਸ਼ੀਦ ਦੇ ਸਾਬਕਾ ਮੈਂਬਰ ਜੋਧ ਸਿੰਘ,ਅਵਤਾਰ ਸਿੰਘ ਕੋਟਗੁਰੂ ਵੀ ਹਾਜਰ ਸਨ ।

# ਟ੍ਰਾਈਡੈਂਟ ਗਰੁੱਪ ਇੰਡੀਆ ਵਿੱਚ 9 ਐਲਪੀਏ ਦੇ ਇੱਕ ਪੈਕੇਜ ਉੱਤੇ 5 ਵਿਦਿਆਰਥੀ ਰੱਖੇ ਗਏ

**ਬਠਿੰਡਾ -ਜਸਵੀਰ ਔਲਖ-**
**-ਰੋਜ਼ਾਨਾ ਸਵੇਰਾ-**

ਇੱਕ ਵਿਸ਼ੇਸ਼ ਪਲੇਸਮੈਂਟ ਡਰਾਈਵ ਦੇ ਤਹਿਤ, ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ (ਜੀ.ਜ਼ੈਡ. ਐਸ.ਸੀ. ਸੀ.ਈ.ਟੀ.), ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.), ਬਠਿੰਡਾ ਦੇ ਬੀ.ਟੈਕ, ਕੰਪਿਊਟਰ ਸਾਇੰਸ ਇੰਜੀਨੀਅਰਿੰਗ ਵਿਭਾਗ ਦੇ 5 ਵਿਦਿਆਰਥੀਆਂ ਦੀ ਟਰਾਈਡੈਂਟ ਗਰੁੱਪ ਇੰਡੀਆ ਵਿੱਚ ਨੌਕਰੀ ਲਈ ਚੋਣ ਕੀਤੀ ਗਈ। ਕੰਪਨੀ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਸੀ.ਟੀ.ਸੀ.@ਤੇ 9 ਲੱਖ ਰੁਪਏ ਸਾਲਾਨਾ ਦੇ ਆਕਰਸ਼ਕ ਪੈਕੇਜ ਦੀ ਪੇਸ਼ਕਸ਼ ਕੀਤੀ ਹੈ। ਚੁਣੇ ਗਏ ਵਿਦਿਆਰਥੀਆਂ ਦੇ ਨਾਂ ਮਹਿਕ ਜਟਾਣਾ, ਸੰਧਿਆ, ਚਰਨਜੀਤ ਸਿੰਘ,



ਮੋਨੀਜ਼ਾ, ਜਸਮੀਨ ਹਨ।ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ.(ਡਾ.) ਬੂਟਾ ਸਿੰਘ , ਰਜਿਸਟਰਾਰ ਡਾ.ਗੁਰਿੰਦਰਪਾਲ,ਕੈਂਪਸ ਡਾਇਰੈਕਟਰ ਡਾ. ਸੰਜੀਵ ਅਗਰਵਾਲ,ਐਸੋਸੀਏਟ ਡੀਨ ਅਕਾਦਮਿਕ ਡਾ.ਕੰਵਲਜੀਤ ਸਿੰਘ ਅਤੇ ਡਾਇਰੈਕਟਰ (ਟਰੇਨਿੰਗ ਅਤੇ ਪਲੇਸਮੈਂਟ, ਐਮ.ਆਰ.ਐਸ.ਪੀ.ਟੀ.ਯੂ.) ਹਰਜੋਤ ਸਿੰਘ ਨੇ ਇਸ ਕੈਂਪਸ ਦੇ ਵਿਦਿਆਰਥੀਆਂ ਦੀ ਪ੍ਰਮੁੱਖ ਕੰਪਨੀ,ਟ੍ਰਾਈਡੈਂਟ ਗਰੁੱਪ ਦੁਆਰਾ ਮਾਨਤਾ ਪ੍ਰਾਪਤ ਹੋਣ @ਤੇ ਬਹੁਤ ਖ਼ੁਸ਼ੀ ਅਤੇ ਸੰਤੁਸ਼ਟੀ ਪ੍ਰਗਟ ਕੀਤੀ। ਉਨ੍ਹਾਂ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਫਲ ਸੇਵਾ ਕਰੀਅਰ ਲਈ ਸ਼ੁਭ ਕਾਮਨਾਵਾਂ ਦਿੱਤੀਆਂ।ਪ੍ਰੋ. ਬੂਟਾ ਸਿੰਘ ਨੇ ਟਰਾਈਡੈਂਟ ਦੇ ਚੇਅਰਮੈਨ ਸ੍ਰੀ ਰਜਿੰਦਰ ਗੁਪਤਾ ਦਾ ਐਮ.ਆਰ.ਐਸ.ਪੀ.ਟੀ.ਯੂ. ਦੇ ਵਿਦਿਆਰਥੀਆਂ ਨੂੰ ਗਰੁੱਪ ਨਾਲ ਕੰਮ ਕਰਨ ਦਾ ਮੌਕਾ ਦੇਣ ਲਈ ਧੰਨਵਾਦ ਕੀਤਾ।ਡਾਇਰੈਕਟਰ ਟ੍ਰੇਨਿੰਗ ਅਤੇ ਪਲੇਸਮੈਂਟ ਹਰਜੋਤ ਸਿੰਘ ਨੇ ਕਿਹਾ ਕਿ ਐਮ.ਆਰ.ਐਸ.ਪੀ.ਟੀ.ਯੂ., ਟ੍ਰਾਈਡੈਂਟ ਨਾਲ ਨੇੜਿਓਂ ਜੁੜਿਆ ਹੋਇਆ ਹੈ ਅਤੇ ਭਵਿੱਖ ਵਿੱਚ ਕੰਪਨੀ ਟੈਕਸਟਾਈਲ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਅਤੇ ਹੋਰਾਂ ਲਈ ਕੈਂਪਸ ਪਲੇਸਮੈਂਟ ਡਰਾਈਵ ਵੀ ਕਰਵਾਏਗੀ।

ਕੰਪਿਊਟਰ ਸਾਇੰਸ ਵਿਭਾਗ ਦੀ ਮੁਖੀ ਡਾ: ਜੋਤੀ ਰਾਣੀ ਨੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਪ੍ਰੇਰਿਤ ਕਰਦਿਆਂਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਡਾਇਰੈਕਟਰ-ਟ੍ਰੇਨਿੰਗ ਅਤੇ ਪਲੇਸਮੈਂਟ ਨੇ ਪਲੇਸਮੈਂਟ ਸਲਾਹਕਾਰ ਹਰਅੰਮ੍ਰਿਤਪਾਲ ਸਿੰਘ ਅਤੇ ਮਨਪ੍ਰੀਤ ਕੌਰ ਦੁਆਰਾ ਵਿਦਿਆਰਥੀਆਂ ਦੇ ਤਾਲਮੇਲ ਲਈ ਨਿਭਾਈ ਗਈ ਅਹਿਮ ਭੂਮਿਕਾ ਦੀ ਵੀ ਸ਼ਲਾਘਾ ਕੀਤੀ।

# ਦਾਮਨ ਬਾਜਵਾ ਨੇ ਲੁਧਿਆਣਾ ਵਿਖੇ ਬੀਜੇਪੀ ਦੇ ਸੰਮੇਲਨ ਵਿੱਚ ਲਿਆ ਹਿਸਾ

**ਸੁਨਾਮ ਊਧਮ ਸਿੰਘ ਵਾਲਾ,**
**-ਰੋਜ਼ਾਨਾ ਸਵੇਰਾ-**

-ਅੱਜ ਬੀ.ਜੇ.ਪੀ ਦੇ ਕੌਮੀ ਪ੍ਰਧਾਨ ਸ਼੍ਰੀ ਜੇ.ਪੀ ਨੱਢਾ ਸੁਨਾਮ ਦੀ ਅਗਵਾਈ ਅਤੇ ਸੂਬਾ ਪ੍ਰਧਾਨ ਸ਼੍ਰੀ ਅਸ਼ਵਨੀ ਸ਼ਰਮਾ ਦੀ ਪ੍ਰਧਾਨਗੀ ਹੇਠ ਭਾਰਤੀ ਜਨਤਾ ਪਾਰਟੀ ਪੰਜਾਬ ਦੀ ਲੁਧਿਆਣਾ ਵਿਖੇ ਸੰਗਠਨਾਤਮਕ ਬੈਠਕ ਹੋਈ। ਇਸ ਬੈਠਕ ਵਿੱਚ ਸੁਨਾਮ ਦੇ ਨੌਜਵਾਨ ਭਾਜਪਾ ਆਗੂ ਮੈਡਮ ਦਾਮਨ ਬਾਜਵਾ ਨੇ ਵੀ ਹਿੱਸਾ ਲਿਆ। ਇਸ ਸਬੰਧੀ ਮੈਡਮ ਦਾਮਨ ਬਾਜਵਾ ਨੇ ਦੱਸਿਆ ਕਿ ਅੱਜ ਸਮੁੱਚੀ ਪੰਜਾਬ ਦੀ ਬੀਜੇਪੀ ਲੀਡਰਸ਼ਿਪ ਨੇ ਬੀ.ਜੇ.ਪੀ ਦੇ ਕੌਮੀ ਪ੍ਰਧਾਨ ਸ਼੍ਰੀ ਜੇ.ਪੀ. ਨੱਢਾ ਦਾ ਲੁਧਿਆਣਾ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਅਤੇ ਸ੍ਰੀ ਨੱਢਾ ਨੇ ਇਸ ਬੈਠਕ ਵਿੱਚ ਸਮੁੱਚੀ ਲੀਡਰਸ਼ਿਪ ਨੂੰ ਹੌਸਲਾ ਦੇਣ ਵਾਲੀਆਂ ਗੱਲਾਂ ਦੱਸੀਆਂ । ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਕੇਂਦਰ ਸਰਕਾਰ ਪੰਜਾਬ ਦੇ ਲੋਕਾਂ ਲਈ ਵਧੀਆ ਫੈਸਲੇ ਲਵੇਗੀ ਜੋ ਸੂਬੇ ਲਈ ਬਹੁਤ ਫਾਇਦੇਮੰਦ ਹੋਣਗੇ ਅਤੇ ਕੇਂਦਰ ਸਰਕਾਰ ਪੰਜਾਬ ਲਈ ਡੱਟ ਕੇ ਨਾਲ ਖੜੀ ਹੈ । ਮੈਡਮ ਦਾਮਨ ਬਾਜਵਾ ਨੇ ਦੱਸਿਆ ਕਿ ਸ੍ਰੀ ਨੱਢਾ ਨੇ ਸਾਰੇ ਭਾਜਪਾ ਦੇ ਕਾਰਜ ਕਰਤਾ ਨੂੰ ਪਾਰਟੀ ਵਿੱਚ ਤਕੜੇ ਹੋ ਕੇ ਕੰਮ ਕਰਨ ਲਈ ਹੌਸਲਾ ਦਿੱਤਾ ਅਤੇ ਕਿਹਾ ਕਿ ਹੁਣ ਪੰਜਾਬ ਦੇ ਲੋਕਾਂ ਦਾ ਬੀਜੇਪੀ ਪਾਰਟੀ ਵੱਲ ਵਿਸ਼ਵਾਸ ਅਤੇ ਨਜ਼ਰੀਆ ਵੱਧਦਾ ਜਾ ਰਿਹਾ ਹੈ। ਇਸ ਸਮੇਂ ਕੌਮੀ ਮੀਤ ਪ੍ਰਧਾਨ ਸ੍ਰੀ ਸੁਦਾਨ ਸਿੰਘ , ਕੌਮੀ ਜਨਰਲ ਸਕੱਤਰ ਸ੍ਰੀ ਦੁਸ਼ਯੰਤ ਗੌਤਮ , ਕੇਂਦਰੀ ਰਾਜ ਮੰਤਰੀ ਸ੍ਰੀ ਸੋਮ ਪ੍ਰਕਾਸ਼ , ਕੌਮੀ ਸਕੱਤਰ ਸ੍ਰੀ ਨਰਿੰਦਰ ਰੈਨਾ ਵੀ ਸ਼ਾਮਿਲ ਹੋਏ।

# ਸਾਕਸ਼ੀ ਸਾਹਨੀ ਵੱਲੋਂ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ-ਸਾਡਾ ਪਟਿਆਲਾ ਬਣੇਗਾ ਡੇਂਗੂ ਮੁਕਤ' ਮੁਹਿੰਮ ਨੂੰ ਸਫ਼ਲ ਬਣਾਉਣ ਦੀ ਅਪੀਲ

## ➢ ਡੇਂਗੂ ਦੀ ਰੋਕਥਾਮ ਲਈ ਆਮ ਲੋਕਾਂ ਦਾ ਸਹਿਯੋਗ ਜਰੂਰੀ : ਡਿਪਟੀ ਕਮਿਸ਼ਨਰ ➢ ਕੌਮੀ ਡੇਂਗੂ ਦਿਵਸ ਮੌਕੇ ਡੇਂਗੂ ਤੇ ਚਿਕਗੁਨੀਆ ਦੇ ਖਾਤਮੇ ਲਈ ਸੈਮੀਨਾਰ ਤੇ ਇੰਟਰ ਸੈਕਟੋਰਲ ਮੀਟਿੰਗ

ਪਟਿਆਲਾ,
-ਰੋਜ਼ਾਨਾ ਸਵੇਰਾ-




ਅੱਜ ਕੌਮੀ ਡੇਂਗੂ ਦਿਵਸ ਮੌਕੇ 'ਡੇਂਗੂ ਰੋਕਥਾਮ ਯੋਗ ਹੈ, ਆਓ ਹੱਥ ਮਿਲਾਈਏ' ਦੇ ਨਾਅਰੇ ਹੇਠ ਡੇਂਗੂ ਬੁਖ਼ਾਰ ਦੀ ਜਾਗਰੂਕਤਾ ਅਤੇ ਰੋਕਥਾਮ ਅਤੇ ਪੀਣ ਵਾਲੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਸਿਹਤ ਵਿਭਾਗ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨਾਲ ਮਿਲਕੇ ਇੰਟਰ ਸੈਕਟੋਰਲ ਮੀਟਿੰਗ ਅਤੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕਿਹਾ ਕਿ ਆਮ ਲੋਕਾਂ ਦੇ ਸਹਿਯੋਗ ਨਾਲ ਹੀ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ, ਸਾਡਾ ਪਟਿਆਲਾ ਬਣੇਗਾ ਡੇਂਗੂ ਮੁਕਤ' ਮੁਹਿੰਮ ਨੂੰ ਸਫ਼ਲ ਬਣਾਇਆ ਜਾ ਸਕੇਗਾ।

ਸਾਕਸ਼ੀ ਸਾਹਨੀ ਨੇ ਕਿਹਾ ਕਿ ਸਾਰੇ ਸਰਕਾਰੀ ਹਸਪਤਾਲਾਂ 'ਚ ਡੇਂਗੂ ਦਾ ਟੈਸਟ ਤੇ ਇਲਾਜ ਮੁਫ਼ਤ ਕੀਤਾ ਜਾਂਦਾ ਹੈ ਪਰੰਤੂ ਸਿਹਤ ਵਿਭਾਗ ਇਹ ਯਕੀਨੀ ਬਣਾਏ ਕਿ ਨਿਜੀ ਲੈਬਾਰਟਰੀਆਂ 'ਚ ਡੇਂਗੂ ਅਲਾਈਜ਼ਾ ਟੈਸਟ ਦੇ 600 ਰੁਪਏ ਤੋਂ ਵੱਧ ਰਕਮ ਨਾ ਵਸੂਲੀ ਜਾਵੇ। ਉਨ੍ਹਾਂ ਨੇ ਸਮੂਹ ਕਾਰਜ ਸਾਧਕ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਕਿ ਪੀਣ ਵਾਲੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਦੇ ਬਚਾਅ ਲਈ ਸਿਹਤ ਵਿਭਾਗ ਅਤੇ ਜਲ ਸਪਲਾਈ ਤੇ ਸੀਵਰੇਜ਼ ਬੋਰਡ ਨਾਲ ਮਿਲਕੇ ਮਾਨਸੂਨ ਸੀਜ਼ਨ ਤੋਂ ਪਹਿਲਾਂ-ਪਹਿਲਾਂ ਪੀਣ ਵਾਲੇ ਪਾਣੀ ਦੇ ਸੈਂਪਲ ਚੈਕ ਕਰਵਾਏ ਜਾਣ।

ਸਿਹਤ ਵਿਭਾਗ ਵੱਲੋਂ ਡੇਂਗੂ ਦੀ ਰੋਕਥਾਮ ਲਈ ਹੁਣ ਤੱਕ 60 ਹਜ਼ਾਰ ਘਰਾਂ ਦਾ ਨਿਰੀਖਣ ਕਰਕੇ 125 ਜਗ੍ਹਾ ਤੋਂ ਲਾਰਵਾ ਨਸ਼ਟ ਕਰਵਾਏ ਜਾਣ ਦੀ ਸ਼ਲਾਘਾ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਦੇ ਪਿੰਡਾਂ, ਸ਼ਹਿਰਾਂ ਦੀਆਂ ਵਾਰਡਾਂ 'ਚ ਸਥਾਨਕ ਸਰਕਾਰਾਂ, ਪੀਡੀਏ ਤੇ ਪੇਂਡੂ ਵਿਕਾਸ ਮਹਿਕਮਿਆਂ ਨਾਲ ਮਿਲਕੇ ਜਿੱਥੇ ਸੰਭਾਵਤ ਡੇਂਗੂ ਦਾ ਲਾਰਵਾ ਪੈਦਾ ਹੋਣ ਵਾਲੇ ਸਥਾਨਾਂ ਦੀ ਪਛਾਣ ਕੀਤੀ ਜਾਵੇ, ਉਥੇ ਹੀ ਆਮ ਲੋਕਾਂ ਦੀ ਜਾਗਰੂਕਤਾ ਸਮੇਤ ਡੇਂਗੂ ਮੱਛਰ ਏਡੀਜ਼ ਤੇ ਇਸਦੇ ਲਾਰਵੇ ਦਾ ਖਾਤਮਾ ਕਰਨ ਮੁਹਿੰਮ ਨੂੰ ਹੋਰ ਤੇਜ ਕੀਤਾ ਜਾਵੇ।

ਸਾਕਸ਼ੀ ਸਾਹਨੀ ਨੇ ਆਮ ਲੋਕਾਂ ਨੂੰ ਡੇਂਗੂ ਦੀ ਰੋਕਥਾਮ ਲਈ ਸਿਹਤ ਵਿਭਾਗ ਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਨੂੰ ਪੂਰਨ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਹਰ ਨਾਗਰਿਕ 'ਫਰਾਈਡੇ-ਡਰਾਈ ਡੇ' ਦੀ ਮੁਹਿੰਮ 'ਚ ਭਾਗ ਲੈਂਦਿਆਂ ਹਫ਼ਤੇ 'ਚ ਘੱਟੋ ਘੱਟ ਇੱਕ ਦਿਨ ਭਾਵ ਹਰ ਸ਼ੁੱਕਰਵਾਰ ਨੂੰ ਆਪਣੇ ਘਰਾਂ ਵਿਚ ਕੂਲਰਾਂ, ਗਮਲਿਆਂ, ਫਰਿਜਾਂ ਦੀਆਂ ਟਰੇਆਂ ਤੇ ਆਲੇ-ਦੁਆਲੇ ਦੀ ਸਾਫ਼ ਸਫ਼ਾਈ ਕਰਕੇ ਪਾਣੀ ਨਾ ਖੜਨ ਦੀ ਜਿਮੇਵਾਰੀ ਨਿਭਾਵੇ।

ਜ਼ਿਲ੍ਹਾ ਐਪੀਡੋਮੋਲੋਜਿਸਟ ਡਾ. ਸੁਮੀਤ ਸਿੰਘ ਨੇ ਦੱਸਿਆ ਕਿ ਏਡੀਜ਼ ਮੱਛਰ ਹੀ ਡੇਂਗੂ, ਚਿਕਨਗੁਨੀਆ ਅਤੇ ਜ਼ੀਕਾ ਵਾਇਰਸ ਲਈ ਜਿੰਮੇਵਾਰ ਹੈ ਤੇ ਇਸ ਦਾ ਲਾਰਵਾ ਉਨ੍ਹਾਂ ਘਰਾਂ 'ਚ ਪਨਪਦਾ ਹੈ ਜਿਥੇ ਸਾਫ਼ ਪਾਣੀ ਦਾ ਖੁੱਲ੍ਹਾ ਸਰੋਤ ਹੋਵੇ।

ਉਨ੍ਹਾਂ ਦੱਸਿਆ ਕਿ ਧਾਰੀਦਾਰ ਕਾਲਾ ਮੱਛਰ, ਜਿਸਨੂੰ ਚੀਤਾ ਮੱਛਰ ਵੀ ਕਹਿੰਦੇ ਹਨ, ਦਿਨ ਵੇਲੇ ਕੱਟਦਾ ਹੈ ਅਤੇ ਸਵੇਰੇ ਸ਼ਾਮ ਜਿਆਦਾ ਕ੍ਰਿਆਸ਼ੀਲ ਹੁੰਦਾ ਹੈ। ਇਸ ਦੀ ਉਡਾਰੀ ਆਪਣੇ ਪ੍ਰਜਣਨ ਸਥਾਨ ਤੋਂ 200 ਮੀਟਰ ਦੇ ਘੇਰੇ 'ਚ ਹੁੰਦੀ ਹੈ। ਇਸਦੇ ਇਲਾਜ ਲਈ ਇਸ ਮੱਛਰ ਦਾ ਖਾਤਮਾ ਜਰੂਰੀ ਹੈ ਕਿਉਂਕਿ ਅਜੇ ਤੱਕ ਇਸਦਾ ਕੋਈ ਐਂਟੀਵਾਇਰਸ ਜਾਂ ਵੈਕਸੀਨ ਤਿਆਰ ਨਹੀਂ ਹੋਇਆ ਅਤੇ ਇਹ ਮੱਛਰ ਮਨੁੱਖੀ ਖ਼ੂਨ ਰਾਹੀਂ ਬਿਮਾਰੀ ਅੱਗੇ ਫੈਲਾਉਂਦਾ ਹੈ ਪਰ ਵਹਿਮ ਦੀ ਲੋੜ ਨਹੀਂ ਕਿਉਂਕਿ ਇਹ ਕੋਈ ਛੂਤ ਦੀ ਬਿਮਾਰੀ ਨਹੀਂ ਹੈ।

ਇਸ ਮੌਕੇ ਏ.ਡੀ.ਸੀ. (ਸ਼ਹਿਰੀ ਵਿਕਾਸ) ਗੌਤਮ ਜੈਨ, ਏ.ਡੀ.ਸੀ. (ਵਿਕਾਸ) ਈਸ਼ਾ ਸਿੰਗਲ, ਐਸ.ਡੀ.ਐਮ. ਡਾ. ਇਸਮਤ ਵਿਜੇ ਸਿੰਘ, ਸੰਯੁਕਤ ਕਮਿਸ਼ਨਰ ਨਗਰ ਨਿਗਮ ਨਮਨ ਮੜਕਨ, ਵਧੀਕ ਸਿਵਲ ਸਰਜਨ ਡਾ. ਵਿਕਾਸ ਗੋਇਲ, ਡੀ.ਡੀ.ਪੀ.ਓ. ਸੁਖਚੈਨ ਸਿੰਘ ਪਪੜਾ, ਕਾਰਜਸਾਧਕ ਅਫ਼ਸਰ, ਸਿਹਤ ਵਿਭਾਗ ਤੋਂ ਮੈਡੀਕਲ ਅਫ਼ਸਰ, ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਲੋਕ ਸਭਾ ਹਲਕਾ ਸੰਗਰੂਰ 'ਚ ਜ਼ਿਮਨੀ ਚੋਣ ਦੀ ਆਹਟ, 'ਆਪ' ਦੇ ਸੰਭਾਵੀ ਉਮੀਦਵਾਰ 'ਤੇ ਟਿਕੀਆਂ ਨਜ਼ਰਾਂ

ਸੰਗਰੂਰ, -
-ਰੋਜ਼ਾਨਾ ਸਵੇਰਾ-

ਸੂਬੇ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲੋਕ ਸਭਾ ਹਲਕਾ ਸੰਗਰੂਰ ਤੋਂ ਬਤੌਰ ਮੈਂਬਰ ਪਾਰਲੀਮੈਂਟ ਅਸਤੀਫ਼ਾ ਦੇ ਦਿੱਤਾ ਗਿਆ ਸੀ। ਖ਼ਾਲੀ ਹੋਈ ਇਸ ਲੋਕ ਸਭਾ ਸੀਟ 'ਤੇ ਉੱਪ ਚੋਣ ਦੀ ਆਹਟ ਨੇ ਲੋਕ ਸਭਾ ਹਲਕਾ ਸੰਗਰੂਰ ਦੀ ਸਿਆਸਤ 'ਚ ਗਰਮਾਹਟ ਲਿਆ ਦਿੱਤੀ ਹੈ, ਜਿਸ ਕਾਰਨ ਜਿੱਥੇ ਵੱਖ-ਵੱਖ ਸਿਆਸੀ ਪਾਰਟੀਆਂ ਭਾਜਪਾ, ਕਾਂਗਰਸ, ਅਕਾਲੀ ਦਲ (ਬਾਦਲ), ਅਕਾਲੀ ਦਲ (ਸੰਯੁਕਤ) ਤੇ ਹੋਰਨਾਂ ਨੇ ਆਪੋ-ਆਪਣੇ ਤਰੀਕੇ ਨਾਲ ਹਲਕੇ ਅੰਦਰ ਸਿਆਸੀ ਜ਼ਮੀਨ ਤਲਾਸ਼ਣੀ ਸ਼ੁਰੂ ਕਰ ਦਿੱਤੀ ਹੈ।

ਉੱਥੇ ਹੀ ਆਮ ਆਦਮੀ ਪਾਰਟੀ ਦੇ ਸੰਭਾਵੀ ਉਮੀਦਵਾਰ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੀਆਂ ਚਰਚਾਵਾਂ ਦਾ ਬਾਜ਼ਾਰ ਗਰਮ ਹੈ। ਉਕਤ ਮਾਮਲੇ 'ਤੇ ਜਦੋਂ ਕੁਝ ਸਿਆਸੀ ਮਾਹਿਰਾਂ, ਬੁੱਧੀਜੀਵੀਆਂ ਤੇ ਆਮ ਜਨਤਾ ਨਾਲ 'ਆਪ' ਉਮੀਦਵਾਰ ਨੂੰ ਲੈ ਕੇ ਗੱਲਬਾਤ ਕੀਤੀ ਗਈ ਤਾਂ ਇਕ ਧੜੱਲੇਦਾਰ, ਨਿਡਰ, ਈਮਾਨਦਾਰ, ਲੋਕ ਸੇਵਾ ਨੂੰ ਸਮਰਪਿਤ ਇਕ ਪੁਲਸ ਅਧਿਕਾਰੀ ਦਾ ਨਾਂ ਸਭ ਤੋਂ ਵੱਧ ਚਰਚਾ 'ਚ ਆਇਆ। ਇਸ ਦੇ ਨਾਲ-ਨਾਲ ਇਕ ਪੰਜਾਬੀ ਕਲਾਕਾਰ, ਇਕ ਉਦਯੋਗਪਤੀ ਤੇ ਕਿਸੇ ਬਾਹਰੀ ਕੱਦਵਾਰ 'ਆਪ' ਨੇਤਾ ਦੀ ਧਰਮ ਪਤਨੀ ਦੇ ਚੋਣ ਲੜਨ ਦੀਆਂ ਚਰਚਾਵਾਂ ਦਾ ਬਾਜ਼ਾਰ ਵੀ ਗਰਮ ਹੈ ਪਰ ਸਭ ਤੋਂ ਵੱਧ ਪ੍ਰਬਲ ਦਾਅਵੇਦਾਰੀ ਪੁਲਸ ਅਧਿਕਾਰੀ ਦੀ ਉੱਭਰ ਕੇ ਸਾਹਮਣੇ ਆਈ ਹੈ। ਇਹ ਤਾਂ ਸਭ 'ਆਪ' ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 'ਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਉਮੀਦਵਾਰ 'ਤੇ ਆਪਣਾ ਭਰੋਸਾ ਜਤਾਉਂਦੇ ਹਨ।

ਇੱਕ ਗੱਲ ਸਪੱਸ਼ਟ ਹੈ ਕਿ 'ਆਪ' ਪਾਰਟੀ ਜਿਸ ਨੂੰ ਵੀ ਟਿਕਟ ਦੇਵੇਗੀ, ਉਸ ਉਮੀਦਵਾਰ ਦੀ ਜਿੱਤ ਦੀ ਵਧੇਰੇ ਉਮੀਦ ਹੈ। ਦੂਜੇ ਪਾਸੇ ਕਾਂਗਰਸ ਦਾ ਅੰਦਰੂਨੀ ਕਾਟੋ ਕਲੇਸ਼ ਤੇ ਪੰਜਾਬ ਦੇ ਕਈ ਦਿੱਗਜ਼ ਕਾਂਗਰਸੀ ਆਗੂਆਂ ਦੇ ਪਾਰਟੀ ਛੱਡ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਦੀਆਂ ਚੱਲ ਰਹੀਆਂ ਚਰਚਾਵਾਂ ਵਰਕਰਾਂ ਦੇ ਗਲੇ ਦੀ ਹੱਡੀ ਬਣੀਆਂ ਹੋਈਆਂ ਹਨ। ਵਰਕਰ ਸ਼ਸ਼ੋਪੰਜ 'ਚ ਹਨ ਕਿ ਆਖਿਰਕਾਰ ਉਹ ਕਰਨ ਤਾਂ ਕੀ ਕਰਨ। ਭਾਜਪਾ ਤੇ ਅਕਾਲੀ ਦਲ (ਬਾਦਲ) ਦੇ ਇਕੱਠੇ ਹੋਣ ਦੀਆਂ ਚਰਚਾਵਾਂ ਵਿਚਕਾਰ ਇਨ੍ਹਾਂ ਪਾਰਟੀਆਂ ਦੇ ਉਮੀਦਵਾਰਾਂ ਬਾਰੇ ਅਜੇ ਕੁਝ ਵੀ ਕਹਿਣਾ ਜਲਦਬਾਜ਼ੀ ਹੋਵੇਗੀ। ਜ਼ਿਮਨੀ ਚੋਣ ਦੌਰਾਨ ਲੋਕ ਸਭਾ ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਵਿਰੁੱਧ ਬਾਕੀ ਸਿਆਸੀ ਪਾਰਟੀਆਂ ਵੱਲੋਂ ਸਾਂਝਾ ਉਮੀਦਵਾਰ ਚੋਣ ਮੈਦਾਨ 'ਚ ਉਤਾਰਨ ਤੋਂ ਇਨਕਾਰ ਵੀ ਨਹੀਂ ਕੀਤਾ ਜਾ ਸਕਦਾ, ਜਿਸ ਕਾਰਨ ਚੋਣ ਮੁਕਾਬਲਾ ਸਖ਼ਤ ਤੇ ਦਿਲਚਸਪ ਹੋ ਸਕਦਾ ਹੈ। ਫ਼ਿਲਹਾਲ ਲੋਕ ਸਭਾ ਜ਼ਿਮਨੀ ਚੋਣ ਨੂੰ ਲੈ ਕੇ ਹਲਕੇ ਅੰਦਰ ਵੱਖ-ਵੱਖ ਪਾਰਟੀਆਂ ਦੇ ਸੰਭਾਵੀ ਉਮੀਦਵਾਰਾਂ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੀਆਂ ਚਰਚਾਵਾਂ ਦਾ ਬਾਜ਼ਾਰ ਗਰਮ ਹੈ। ਸਿਆਸੀ ਊਠ ਕਿਸ ਕਰਵਟ ਬੈਠੇਗਾ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

# ਪੀ.ਆਰ.ਟੀ.ਸੀ. ਵਰਕਰਾਂ ਨੂੰ ਤਨਖ਼ਾਹ ਅਤੇ ਪੈਨਸ਼ਨ ਨਾ ਮਿਲਣ 'ਤੇ ਰੋਸ

ਪਟਿਆਲਾ,
-ਰੋਜ਼ਾਨਾ ਸਵੇਰਾ-

ਅੱਜ ਇੱਥੇ ਪੀ.ਆਰ.ਟੀ.ਸੀ. ਵਿੱਚ ਕੰਮ ਕਰਦੀਆਂ ਛੇ ਜਥੇਬੰਦੀਆਂ ਦੀ ਇੱਕ ਹੰਗਾਮੀ ਮੀਟਿੰਗ ਵਰਕਰਾਂ ਦੀ ਤੱਕ ਵੀ ਤਨਖਾਹ ਅਤੇ ਪੈਨਸ਼ਨ ਦੀ ਅਦਾਇਗੀ ਨਾ ਕੀਤੇ ਜਾਣ ਸਬੰਧੀ ਅਤੇ ਵਰਕਰਾਂ ਦੀਆਂ ਲੰਮੇ ਸਮੇਂ ਤੋਂ ਲਮਕ ਅਵਸਥਾ ਵਿੱਚ ਲਟਕਾ ਕੇ ਰੱਖੀਆਂ ਤਰੱਕੀਆਂ ਦੇ ਸਬੰਧ ਵਿੱਚ ਹੋਈ। ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਮੈਂਬਰਜ਼ ਸਰਵ ਸ੍ਰੀ ਬਲਦੇਵ ਰਾਜ ਬੱਤਾ, ਬਿਕਰਮਜੀਤ ਸ਼ਰਮਾ, ਗੁਰਬਖਸ਼ਾ ਰਾਮ, ਸਰਬਜੀਤ ਸਿੰਘ ਅਤੇ ਉਤਮ ਸਿੰਘ ਬਾਗੜੀ ਨੇ ਮੀਟਿੰਗ ਵਿੱਚ ਇਨ੍ਹਾਂ ਗੰਭੀਰ ਮੁੱਦਿਆ ਤੇ ਹੋਈ ਚਰਚਾ ਅਤੇ ਫੈਸਲੇ ਸਬੰਧੀ ਜਾਣਕਾਰੀ ਦਿੰਦਿਆ ਦੱਸਿਆ ਕਿ ਕੱਲ੍ਹ ਮਿਤੀ 17—05—2022 ਨੂੰ ਪੰਜਾਬ ਸਰਕਾਰ ਅਤੇ ਪੀ.ਆਰ.ਟੀ.ਸੀ. ਦੇ ਪ੍ਰਬੰਧਕਾਂ ਦੇ ਵਿਰੁੱਧ ਵਰਕਰਾਂ ਨੂੰ ਆਪਣਾ ਘਰ ਦਾ ਗੁਜਾਰਾ ਚਲਾਉਣ ਲਈ ਪੈਨਸ਼ਨ ਅਤੇ ਤਨਖਾਹ ਨਾ ਦੇ ਸਕਣ ਵਿੱਚ ਨਾਕਾਮ ਰਹਿਣ ਦੇ ਵਿਰੋਧ ਵਿੱਚ ਪੀ.ਆਰ.ਟੀ.ਸੀ. ਦੇ ਸਾਰੇ ਡਿਪੂਆਂ ਦੇ ਗੇਟਾਂ ਉਪਰ ਅਤੇ ਬਸ ਸਟੈਂਡਾਂ ਤੇ ਰੋਸ ਰੈਲੀਆਂ ਕਰਦੇ ਹੋਏ ਇਸ ਮੁਲਾਜਮ—ਮਜਦੂਰ ਅਤੇ ਗਰੀਬ ਵਿਰੋਧੀ ਸਾਬਤ ਹੋ ਰਹੀ ਸਰਕਾਰ ਦੇ ਝੂਠਾ ਅਤੇ ਨਾਅਰਿਆਂ ਦੇ ਪਖੰਡਾਂ ਦਾ ਪਰਦਾ ਫਾਸ਼ ਕੀਤਾ ਜਾਵੇਗਾ। ਇਨਕਲਾਬੀ ਤਬਦੀਲੀ ਦਾ ਦੰਭ ਅਤੇ ਢੌਂਗ ਕਰਨ ਵਾਲੀ ਸਰਕਾਰ ਦਾ ਮੁਲਾਜਮ—ਮਜਦੂਰ ਅਤੇ ਲੋੜਵੰਦ ਕਿਰਤੀਆਂ ਵਿਰੋਧੀ ਕਿਰਦਾਰ ਨੰਗਾ ਕੀਤਾ ਜਾਵੇਗਾ।

ਆਗੂਆਂ ਨੇ ਦੱਸਿਆ ਕਿ ਪੀ.ਆਰ.ਟੀ.ਸੀ. ਨੇ ਮੁਫਤ ਅਤੇ ਰਿਆਇਤੀ ਸਫਰ ਸਹੂਲਤਾਂ ਬਦਲੇ ਸਰਕਾਰ ਤੋਂ 200 ਕਰੋੜ ਰੁਪਏ ਤੋਂ ਵੱਧ ਦੀ ਰਕਮ ਲੈਣੀ ਹੈ ਪਰ ਸਰਕਾਰ ਦੇ ਇਹ ਗੱਲ ਭਲੀਭਾਂਤ ਧਿਆਨ ਵਿੱਚ ਹੋਣ ਦੇ ਬਾਵਜੂਦ ਕਿ ਪੀ.ਆਰ.ਟੀ.ਸੀ. ਦੇ ਵਰਕਰਾਂ ਨੂੰ ਤਨਖਾਹਾਂ ਅਤੇ ਪੈਨਸ਼ਨਾਂ ਨਹੀਂ ਮਿਲੀਆਂ ਤਾਂ ਵੀ ਮੂਕਦਰਸ਼ਕ ਬਣਕੇ ਚੁੱਪ ਧਾਰੀ ਬੈਠੀ ਹੈ, ਕੀ ਅਜਿਹੀ ਸਰਕਾਰ ਨੂੰ ਹੀ ਲੋਕ ਪੱਖੀ ਸਰਕਾਰ ਕਿਹਾ ਜਾਂਦਾ ਹੈ।

# ਦੇਵੀਗੜ੍ਹ ਦੇ ਬੱਸ ਅੱਡੇ ਲਈ 75 ਲੱਖ ਰੁਪਏ ਮਨਜ਼ੂਰ: ਪਠਾਣਮਾਜਰਾ

ਦੇਵੀਗੜ੍ਹ,
-ਰੋਜ਼ਾਨਾ ਸਵੇਰਾ-


ਪਿੰਡ ਬਿੰਜਲ ਵਿੱਚ ਲੱਗੇ ਸੁਵਿਧਾ ਕੈਂਪ ਵਿੱਚ ਲੋਕਾਂ ਦੀਆਂ ਮੁਸ਼ਕਲਾਂ ਸੁਣਦੇ ਹੋਏ ਹਲਕਾ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਤੇ ਅਧਿਕਾਰੀ

ਹਲਕਾ ਸਨੌਰ ਦੇ ਲੋਕਾਂ ਨੂੰ ਹਲਕੇ ਵਿੱਚ ਹੀ ਸੁਵਿਧਾਵਾਂ ਦੇਣ ਲਈ ਹਲਕਾ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਅਗਵਾਈ ਹੇਠ ਅੱਜ ਹਲਕੇ ਦੇ ਪਿੰਡ ਬਿੰਜਲ ਵਿਖੇ ਇੱਕ ਸੁਵਿਧਾ ਕੈਂਪ ਲਗਾਇਆ ਗਿਆ ਜਿਸ ਵਿੱਚ ਪਿੰਡ ਬਿੰਜਲ ਦੇ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਸਰਕਾਰੀ ਕੰਮ ਕਰਵਾਉਣ ਲਈ ਆਪਣੇ ਪਿੰਡ ਦੇ ਨੇੜੇ ਹੀ ਸੁਵਿਧਾਵਾਂ ਮੁਹੱਈਆ ਕਰਵਾਈਆਂ ਗਈਆਂ। ਇਸ ਮੌਕੇ ਤਹਿਸੀਲਦਾਰ ਦੁੱਧਨਸਾਧਾਂ ਮਨਦੀਪ ਕੌਰ ਵੀ ਮੌਜੂਦ ਸਨ। ਇਸ ਸੁਵਿਧਾ ਕੈਂਪ ਵਿੱਚ ਤਹਿਸੀਲ, ਬੀਡੀਪੀਓ, ਸਿਹਤ ਸਹੂਲਤ, ਪੁਲੀਸ ਸਹਾਇਤਾ, ਬਿਜਲੀ ਬੋਰਡ, ਨਰੇਗਾ, ਡਰੇਨ ਵਿਭਾਗ, ਟਰਾਂਸਪੋਰਟ ਅਤੇ ਕਈ ਹੋਰ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ ਜੋ ਕਿ ਪਿੰਡਾਂ ਤੋਂ ਆਏ ਹੋਏ ਲੋਕਾਂ ਨੂੰ ਆਪਣੇ ਆਪਣੇ ਕੰਮ ਕਰਵਾਉਣ ਵਿੱਚ ਸਹਾਇਤਾ ਕਰ ਰਹੇ ਸਨ। ਇਸ ਮੌਕੇ ਵਿਧਾਇਕ ਪਠਾਣਮਾਜਰਾ ਨੇ ਕਿਹਾ ਕਿ ਉਹ ਤਹਿਸੀਲ ਪੱਧਰ ਦੇ ਜੋ ਅਧਿਕਾਰੀਆਂ ਦੇ ਦਫਤਰ ਪਟਿਆਲੇ ਚੱਲ ਰਹੇ ਹਨ ਉਨ੍ਹਾਂ ਨੂੰ ਵੀ ਜਲਦ ਦੇਵੀਗੜ੍ਹ ਤੇ ਦੂਧਨਸਾਧਾਂ ਲਿਆਉਣ ਦੇ ਯਤਨ ਕਰ ਰਹੇ ਹਨ ਤਾਂ ਕਿ ਇਸ ਤਹਿਸੀਲ ਦੇ ਦਫਤਰ ਇਥੇ ਮੁਕੰਮਲ ਹੋ ਸਕਣ। ਉਨ੍ਹਾਂ ਕਿਹਾ ਕਿ ਬੱਸ ਅੱਡਾ ਦੇਵੀਗੜ੍ਹ ਵਾਸਤੇ 75 ਲੱਖ ਰੁਪਏ ਮਨਜ਼ੂਰ ਹੋ ਗਏ ਹਨ ਅਤੇ ਜਲਦੀ ਹੀ ਇਸ ਬੱਸ ਅੱਡੇ ਦੀ ਉਸਾਰੀ ਸ਼ੁਰੂ ਹੋ ਜਾਵੇਗੀ। ਇਸ ਤੋਂ ਇਲਾਵਾ ਐਸਡੀਐਮ ਦਫਤਰ ਦੂਧਨਸਾਧਾਂ ਨੂੰ ਨਹਿਰੀ ਰੈਸਟ ਹਾਊਸ ਦੇਵੀਗੜ੍ਹ ਵਿਖੇ ਸ਼ਿਫਟ ਕਰ ਦਿੱਤਾ ਗਿਆ ਹੈ ਅਤੇ ਡੀਐਸਪੀ ਦਿਹਾਤੀ ਵੀ ਤਿੰਨ ਦਿਨ ਦੇਵੀਗੜ੍ਹ ਬੈਠਿਆ ਕਰਨਗੇ। ਅੱਜ ਦੇ ਇਸ ਸੁਵਿਧਾ ਕੈਂਪ ਵਿੱਚ ਕਾਫੀ ਲੋਕਾਂ ਨੇ ਕੰਮ ਕਰਵਾਏ। ਇਸ ਮੌਕੇ ਤਹਿਸੀਲਦਾਰ ਮਨਦੀਪ ਕੌਰ, ਜਤਿੰਦਰ ਸਿੰਘ ਢਿੱਲੋਂ ਬੀਡੀਪੀਓ ਭੁਨਰਹੇੜੀ, ਗੁਰਦੀਪ ਸਿੰਘ ਸੰਧੂ ਥਾਣਾ ਮੁਖੀ ਜੁਲਕਾਂ, ਡਾ. ਪ੍ਰਸ਼ਾਂਤ ਗੌਤਮ ਐਸ.ਐਮ.ਓ., ਗੁਰਵਿੰਦਰ ਸਿੰਘ ਬੀ.ਈ.ਈ., ਅਮਰਜੀਤ ਸਿੰਘ ਏਪੀਓ ਨਰੇਗਾ, ਡਾ. ਗੁਰਮੀਤ ਬਿੱਟੂ ਉਪ ਚੇਅਰਮੈਨ, ਮਨਿੰਦਰ ਫਰਾਂਸਵਾਲਾ ਆਦਿ ਮੌਜੂਦ ਸਨ।

# ਵਿਧਾਇਕ ਦਿਨੇਸ਼ ਚੱਢਾ ਵੱਲੋਂ ਪਿੰਡ ਬੁੰਗੜੀ ਅਤੇ ਸਬੋਰ ਦਾ ਧੰਨਵਾਦੀ ਦੌਰਾ

ਨੂਰਪੁਰਬੇਦੀ,
-ਰੋਜ਼ਾਨਾ ਸਵੇਰਾ-



ਅੱਜ ਹਲਕੇ ਦੇ ਪਿੰਡ ਬੁੰਗੜੀ ਅਤੇ ਸਬੋਰ ਦੇ ਨਿਵਾਸੀਆਂ ਦਾ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਜਿੱਤ ਉਪਰੰਤ ਪਹਿਲੀ ਵਾਰ ਪਿੰਡ ਵਿੱਚ ਪਹੁੰਚ ਕੇ ਧੰਨਵਾਦ ਕੀਤਾ ਗਿਆ। ਪਿੰਡ ਪਹੁੰਚਣ ਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਵਿਧਾਇਕ ਦਿਨੇਸ਼ ਚੱਢਾ ਦਾ ਨਿੱਘਾ ਸਵਾਗਤ ਕੀਤਾ ਗਿਆ, ਅਤੇ ਪਿੰਡ ਦੀਆਂ ਵੱਖ-ਵੱਖ ਸਮੱਸਿਆ ਵਰੇ ਵਿਧਾਇਕ ਚੱਢਾ ਨੂੰ ਜਾਣੂ ਕਰਵਾਇਆ ਗਿਆ।

ਹਲਕਾ ਵਿਧਾਇਕ ਵੱਲੋਂ ਪਿੰਡ ਨਿਵਾਸੀਆ ਨੂੰ ਇਹ ਭਰੋਸਾ ਦਿੱਤਾ ਗਿਆ ਕਿ ਜਲਦ ਹੀ ਇਹਨਾਂ ਸਮੱਸਿਆਂਵਾਂ ਦਾ ਹੱਲ ਕੀਤਾ ਜਾਵੇਗਾ। ਹਲਕਾ ਵਿਧਾਇਕ ਦਿਨੇਸ਼ ਚੱਢਾ ਨੇ ਕਿਹਾ ਕਿ ਪਿੰਡਾਂ ਵਿੱਚ ਪਹਿਲ ਦੇ ਆਧਾਰ ਤੇ ਸਿੱਖਿਆ ਅਤੇ ਮੈਡੀਕਲ ਜਰੂਰਤਾਂ ਨੂੰ ਪੂਰਾ ਕਰਨਾ ਸਰਕਾਰ ਦਾ ਮੁੱਖ ਕਾਰਜ ਹੈ। ਜਿਸ ਨੂੰ ਕਾਫ਼ੀ ਹੱਦ ਤਕ ਸੁਧਾਰ ਕੀਤਾ ਜਾ ਚੁੱਕਿਆ ਹੈ। ਭਵਿੱਖ ਵਿੱਚ ਹੋਰ ਸੁਧਾਰ ਕਰਨ ਲਈ ਪਿੰਡ ਨਿਵਾਸੀਆਂ ਤੇ ਸੁਝਾਅ ਲਏ। ਹਲਕਾ ਵਿਧਾਇਕ ਚੱਢਾ ਵੱਲੋਂ ਪਿੰਡ ਨਿਵਾਸੀਆਂ ਨੂੰ ਆਖਿਆ ਗਿਆ ਕਿ ਇਹ ਮੇਰੀ ਜਿੱਤ ਨਹੀਂ ਇਹ ਆਮ ਲੋਕਾਂ ਦੀ ਜਿੱਤ ਹੈ। ਉਹਨਾਂ ਵੱਲੋਂ ਆਖਿਆ ਗਿਆ ਪਿੰਡ ਅਤੇ ਹਲਕੇ ਦੇ ਸੁਧਾਰ ਲਈ ਮੈਨੂੰ ਵੱਧ ਤੋਂ ਵੱਧ ਸੁਝਾਅ ਦਿਓ। ਜਿਸ ਨਾਲ ਹਲਕੇ ਦੀ ਨੁਹਾਰ ਬਦਲੀ ਜਾਵੇ। ਇਸ ਮੌਕੇ ਤੇ ਚੌਧਰੀ ਦੌਲਤ ਸਿੰਘ ਚਬਰੇਵਾਲ, ਰਾਮ ਕੁਮਾਰ ਮੁਕਾਰੀ, ਚੌਧਰੀ ਭਜਨ ਲਾਲ ਸੋਢੀ, ਚੌਧਰੀ ਕਮਲ ਜਤੋਲੀ, ਸਰਪੰਚ ਰੌਸ਼ਨ ਲਾਲ, ਜਸਪਾਲ ਸਿੰਘ, ਨੰਦ ਲਾਲ, ਦੁਰਗਾ ਦਾਸ, ਹਰੀ ਰਾਮ, ਜਗਤਾਰ ਸਿੰਘ, ਸ਼ਿੰਦਰਪਾਲ, ਗੁਰਚੈਨ ਸਿੰਘ, ਡਾਕਟਰ ਦਵਿੰਦਰ, ਪ੍ਰਵੀਨ ਕੁਮਾਰ, ਚਰਨ ਦਾਸ, ਪ੍ਰੇਮ ਚੰਦ, ਸੋਹਣ ਲਾਲ, ਹਰਜਿੰਦਰ ਕੁਮਾਰ ਆਦਿ ਹਾਜ਼ਰ ਸਨ।

# ਪਿੰਡ ਮੀਰਹੇੜੀ 'ਚ ਦੂਸ਼ਿਤ ਪਾਣੀ ਪੀਣ ਕਾਰਨ ਦੋ ਦਰਜਨ ਵਿਅਕਤੀ ਬਿਮਾਰ

ਧੂਰੀ,
-ਰੋਜ਼ਾਨਾ ਸਵੇਰਾ-

ਨੇੜਲੇ ਪਿੰਡ ਮੀਰਹੇੜੀ ਵਿਖੇ ਵਾਟਰ ਸਪਲਾਈ ਦਾ ਦੂਸ਼ਿਤ ਪਾਣੀ ਪੀਣ ਕਾਰਨ ਦੋ ਦਰਜਨ ਵਿਅਕਤੀਆਂ ਦੇ ਬਿਮਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।

ਪਿੰਡ ਮੀਰਹੇੜੀ ਵਿਖੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕੁਲਜਿੰਦਰ ਸਿੰਘ, ਧਰਮਪਾਲ ਅਤੇ ਰਾਜਵਿੰਦਰ ਸਿੰਘ ਨੇ ਦੱਸਿਆ ਕਿ ਕਰੀਬ ਦੋ ਹਫਤਿਆਂ ਤੋਂ ਪਿੰਡ ਦੀ ਵਾਟਰ ਸਪਲਾਈ ਦਾ ਪਾਣੀ ਗੰਧਲਾ ਆ ਰਿਹਾ ਹੈ ਜਿਸ ਨੂੰ ਪੀਣ ਕਾਰਨ ਪਿੰਡ ਦੇ ਸਰਦਾਰਾ ਸਿੰਘ, ਮੇਲਾ ਸਿੰਘ, ਜਸਵੰਤ ਕੌਰ, ਮੁਖਤਿਆਰ ਸਿੰਘ, ਪ੍ਰੀਤਮ ਸਿੰਘ ਅਤੇ ਸਹਿਜਪ੍ਰੀਤ ਕੌਰ ਸਮੇਤ ਕਰੀਬ ਦੋ-ਦਰਜਨ ਵਿਅਕਤੀ ਉਲਟੀਆਂ ਅਤੇ ਦਸਤ ਦੀ ਬਿਮਾਰੀ ਦਾ ਸ਼ਿਕਾਰ ਹੋ ਚੁੱਕੇ ਹਨ, ਜਿਨ੍ਹਾਂ 'ਚੋਂ ਕਈਆਂ ਨੂੰ ਧੂਰੀ ਦੇ ਇੱਕ ਨਿਜੀ ਹਸਪਤਾਲ 'ਚ ਦਾਖਲ ਕਰਵਾਉਣ ਤੋਂ ਇਲਾਵਾ ਨੌਜਵਾਨ ਮਨਪ੍ਰੀਤ ਸਿੰਘ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਇਲਾਜ ਲਈ ਪਟਿਆਲਾ ਦੇ ਇੱਕ ਹਸਪਤਾਲ 'ਚ ਦਾਖਲ ਕਰਵਾਉਣਾ ਪਿਆ।

# ਨਵੀਆਂ ਭਰਤੀਆਂ ਮੁਕੰਮਲ ਕਰਨ, ਕੱਚੇ ਅਧਿਆਪਕ ਪੱਕੇ ਕਰਨ ਅਤੇ ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਦਿੱਤਾ ਮੰਗ ਪੱਤਰ

ਬਠਿੰਡਾ -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਡੀ.ਟੀ.ਐਫ. ਦੀ ਸਾਲਾਨਾ ਜਨਰਲ ਕੌਂਸਲ ਦੇ ਫੈਸਲੇ ਅਨੁਸਾਰ, ਅਧਿਆਪਕਾਂ 'ਚੋਂ ਸਭ ਤੋਂ ਵਧੇਰੇ ਆਰਥਿਕ ਤੇ ਸਮਾਜਿਕ ਤੌਰ 'ਤੇ ਪੀੜਤ ਹਿੱਸਿਆਂ ਦੀਆਂ ਤਿੰਨ ਅਹਿਮ ਮੰਗਾਂ, ਪੁਰਾਣੀਆਂ ਭਰਤੀਆਂ ਪੂਰੀਆਂ ਕਰਨ ਤੇ ਨਵੀਆਂ ਦੇ ਇਸ਼ਤਿਹਾਰ ਜਾਰੀ ਕਰਨ, ਕੱਚੇ ਅਧਿਆਪਕਾਂ, ਨਾਨ ਟੀਚਿੰਗ ਤੇ ਕੰਪਿਊਟਰ ਫੈਕਲਟੀ ਨੂੰ ਪੂਰੇ ਤਨਖਾਹ ਸਕੇਲਾਂ @ਤੇ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਨ ਅਤੇ ਨਵੀਂ ਪੈਨਸ਼ਨ ਸਕੀਮ ਅਧੀਨ ਮੁਲਾਜ਼ਮਾਂ 'ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਮੰਗ ਨੂੰ ਲੈ ਕੇ, ਡੀ.ਟੀ.ਐਫ. ਦੀ ਬਠਿੰਡਾ ਇਕਾਈ ਵੱਲੋਂ ਡਿਪਟੀ ਕਮਿਸ਼ਨਰ ਬਠਿੰਡਾ ਰਾਹੀਂ ਮੁੱਖ ਮੰਤਰੀ ਪੰਜਾਬ ਦੇ ਨਾਂ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਇਨ੍ਹਾਂ ਵਰਗਾਂ ਦੇ ਸੰਘਰਸ਼ਾਂ ਨਾਲ ਇਕਜੁੱਟਤਾ ਪ੍ਰਗਟ ਕਰਦਿਆਂ, ਸੰਘਰਸ਼ ਦੀ ਹਰ ਪੱਖੋਂ ਹਮਾਇਤ ਕਰਨ ਦਾ ਐਲਾਨ ਵੀ ਕੀਤਾ ਗਿਆ।



ਇਸ ਮੌਕੇ ਡੀ.ਟੀ.ਐਫ. ਦੇ ਜ਼ਿਲ੍ਹਾ ਪ੍ਰਧਾਨ ਜਗਪਾਲ ਬੰਗੀ ਜਨਰਲ ਸਕੱਤਰ ਰਾਜੇਸ਼ ਮੌਂਗਾ, ਸੂਬਾ ਮੀਤ ਪ੍ਰਧਾਨ ਬੇਅੰਤ ਸਿੰਘ ਫੂਲੇਵਾਲਾ, ਸੂਬਾ ਕਮੇਟੀ ਮੈਂਬਰ ਬੂਟਾ ਸਿੰਘ ਰੋਮਾਣਾ ਨੇ ਕਿਹਾ ਕਿ ਸਿੱਖਿਆ ਵਿਭਾਗ ਵਿੱਚ ਪਹਿਲਾਂ ਤੋਂ ਹੀ ਪ੍ਰਕਿਰਿਆ ਅਧੀਨ 35 ਹਜ਼ਾਰ ਤੋਂ ਵਧੇਰੇ ਅਸਾਮੀਆਂ, ਜਿਨ੍ਹਾਂ ਵਿੱਚ ਪ੍ਰੀ-ਪ੍ਰਾਇਮਰੀ ਦੀ 8393, ਈ.ਟੀ.ਟੀ. ਦੀ 2364, 6635 + 22 ਅਤੇ 5994 ਭਰਤੀ, ਮਾਸਟਰ ਕਾਡਰ ਦੀ 4161, ਪੀ.ਟੀ.ਆਈ. ਦੀ 643, ਆਰਟ ਐਂਡ ਕਰਾਫਟ, ਲੈਕਚਰਾਰ ਦੀ 343 ਭਰਤੀ, ਕਲਰਕਾਂ ਦੀ ਭਰਤੀ ਅਤੇ 25% ਸਿੱਧੀ ਭਰਤੀ ਕੋਟੇ ਅਨੁਸਾਰ ਸਕੂਲ ਮੁੱਖੀਆਂ ਦੀ ਭਰਤੀ ਸ਼ਾਮਿਲ ਹੈ, ਦੀ ਪ੍ਰਕਿਰਿਆ ਮੁਕੰਮਲ ਕਰਕੇ ਫੌਰੀ ਨਿਯੁਕਤੀ ਪੱਤਰ ਜਾਰੀ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ ਖਤਮ ਕੀਤੀਆਂ ਪੋਸਟਾਂ ਬਹਾਲ ਕਰਕੇ, ਦਰਜ਼ਾ ਚਾਰ ਤੋਂ ਲੈ ਕੇ ਪ੍ਰਿੰਸੀਪਲਾਂ ਤੱਕ ਦੀਆਂ ਸਾਰੀਆਂ ਖਾਲੀ ਅਸਾਮੀਆਂ ਦੇ ਨਵੇਂ ਇਸ਼ਤਿਹਾਰ ਜਾਰੀ ਕੀਤੇ ਜਾਣ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਤੇ ਹੋਰ ਅਮਲੇ ਦੀ ਘਾਟ ਪੂਰੀ ਹੋ ਸਕੇ ਅਤੇ ਇਸੇ ਤਰ੍ਹਾਂ ਓਵਰ-ਏਜ ਹੋ ਚੁੱਕੇ ਬੇਰੁਜ਼ਗਾਰਾਂ ਨੂੰ ਉੱਪਰਲੀ ਉਮਰ ਹੱਦ ਵਿੱਚ ਬਣਦੀ ਛੋਟ ਦਿੱਤੀ ਜਾਵੇ। ਡੀਟੀਐਫ ਆਗੂਆਂ ਨੇ ਮੰਗ ਕੀਤੀ ਗਈ ਸਾਰੇ ਕੱਚੇ ਅਧਿਆਪਕਾਂ ਸਮੇਤ ਸਿੱਖਿਆ ਵਲੰਟੀਅਰ, ਪ੍ਰੋਵਾਇਡਰ, ਐੱਨ.ਐੱਸ. ਕਿਊ.ਐੱਫ., ਆਈ.ਈ.ਆਰ.ਟੀ ਅਤੇ ਨਾਨ ਟੀਚਿੰਗ ਨੂੰ ਬਿਨਾਂ ਸ਼ਰਤ ਰੈਗੂਲਰ ਕੀਤਾ ਜਾਵੇ। ਪੰਜਾਬ ਸਰਕਾਰ ਦੀ 100 ਫੀਸਦੀ ਫੰਡਿੰਗ ਵਾਲੀ ਪਿਕਟਸ ਸੁਸਾਇਟੀ ਅਧੀਨ ਰੈਗੂਲਰ ਤੇ ਕਨਫਰਮਡ ਕੰਪਿਊਟਰ ਫੈਕਲਟੀ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕੀਤਾ ਜਾਵੇ ਅਤੇ ਇਹਨਾਂ @ਤੇ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਦੇ ਲਾਭ ਲਾਗੂ ਕੀਤੇ ਜਾਣ। ਆਦਰਸ਼ ਸਕੂਲ ਅਤੇ ਮੈਰੀਟੋਰੀਅਸ ਸਕੂਲ ਸਟਾਫ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕੀਤਾ ਜਾਵੇ। ਪਿਛਲੇ ਇਕ ਦਹਾਕੇ ਤੋਂ ਰੈਗੂਲਰ ਹੋਣ ਦੀ ਉਡੀਕ ਕਰ ਰਹੇ ਓ.ਡੀ.ਐੱਲ. ਅਧਿਆਪਕਾਂ ਦੀ ਪੈਂਡਿੰਗ ਰੈਗੂਲਰਾਈਜੇਸ਼ਨ ਪੂਰੀ ਕੀਤੀ ਜਾਵੇ। ਇੱਕ ਹੀ ਭਰਤੀ ਇਸ਼ਤਿਹਾਰ 'ਤੇ ਲਾਗੂ ਕੀਤੇ ਦੋ ਤਰ੍ਹਾਂ ਦੇ ਤਨਖਾਹ ਸਕੇਲ ਰੱਦ ਕਰਕੇ ਮੁੱਢਲੇ ਨਿਯੁਕਤੀ ਪੱਤਰ ਦੀਆਂ ਸ਼ਰਤਾਂ ਬਹਾਲ ਕੀਤੀਆਂ ਜਾਣ। ਮਿਤੀ 17-7-20 ਤੋਂ ਬਾਅਦ ਕੇਂਦਰੀ ਤਨਖਾਹ ਸਕੇਲ ਲਾਗੂ ਕਰਨ ਦਾ ਫੈਸਲਾ ਰੱਦ ਕੀਤਾ ਜਾਵੇ।

ਡੀਟੀਐਫ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਐੱਨ.ਪੀ.ਐੱਸ. ਮੁਲਾਜ਼ਮਾਂ ਦੀ ਸਮੂਹਿਕ ਅਵਾਜ਼ ਤੇ ਹੱਕੀ ਮੰਗ ਨੂੰ ਪਹਿਲ ਅਧਾਰਿਤ ਵਿਚਾਰਦੇ ਹੋਏ, ਮਿਤੀ 01-01-2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ 'ਤੇ ਲਾਗੂ ਬਜ਼ਾਰੂ ਜੋਖਮਾਂ ਅਧਾਰਿਤ ਨਵੀਂ ਪੈਨਸ਼ਨ ਸਕੀਮ ਰੱਦ ਕਰਕੇ ਸਮਾਜਿਕ, ਆਰਥਿਕ ਅਤੇ ਬੁਢਾਪਾ ਸੁਰੱਖਿਆ ਨੂੰ ਯਕੀਨੀ ਬਣਾਉਣ ਵਾਲੀ, ਪੁਰਾਣੀ ਪੈਨਸ਼ਨ ਪ੍ਰਣਾਲੀ ਨੂੰ ਮੁੜ ਬਹਾਲ ਕੀਤਾ ਜਾਵੇ। ਇਸੇ ਮੰਗ ਨੂੰ ਲੈ ਕੇ 9 ਜੁਲਾਈ ਨੂੰ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੀ ਅਗਵਾਈ ਵਿਚ ਸੰਗਰੂਰ ਵਿਖੇ ਹੋਣ ਜਾ ਰਹੀ ਸੂਬਾਈ ਕਨਵੈਨਸ਼ਨ ਅਤੇ ਵਿੱਤ ਮੰਤਰੀ ਦੀ ਰਿਹਾਇਸ਼ ਵੱਲ ਮਾਰਚ ਦਾ ਵੀ ਹਿੱਸਾ ਬਣਨ ਦਾ ਫ਼ੈਸਲਾ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡੈਮੋਕਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਪ੍ਰਧਾਨ ਸਿਕੰਦਰ ਸਿੰਘ ਡੀ.ਟੀ.ਐਫ. ਦੇ ਜ਼ਿਲ੍ਹਾ ਕਮੇਟੀ ਮੈਂਬਰ ਗੁਰਪਾਲ ਸਿੰਘ, ਨਰਿੰਦਰ ਬੱਲੂਆਣਾ, ਸੁਨੀਲ ਕੁਮਾਰ, ਅੰਮ੍ਰਿਤਪਾਲ, ਅਮਨਦੀਪ ਸਿੰਘ, ਅਮੋਲਕ ਸਿੰਘ, ਪੀਐਸਯੂ ਦੇ ਜ਼ਿਲ੍ਹਾ ਪ੍ਰਧਾਨ ਰਾਜਿੰਦਰ ਸਿੰਘ ਆਦਿ ਹਾਜ਼ਰ ਸਨ।

# ਲੁਧਿਆਣਾ ਦਾ ਮੁਸਲਮਾਨ ਵਰਗ ਕਰੇਗਾ ਹਬੀਬ ਗਰਲਜ਼ ਕਾਲਜ ਦੀ ਸਥਾਪਨਾ

## ਕਾਲਜ 'ਚ ਮੁਸਲਮਾਨ ਬੇਟੀਆਂ ਹਿਜਾਬ, ਸਿੱਖ ਬੇਟੀਆਂ ਦਸਤਾਰ ਤੇ ਹਿੰਦੂ ਬੇਟੀਆਂ ਨੂੰ ਤਿਲਕ ਲਾ ਕੇ ਪੜਨ ਦੀ ਆਜ਼ਾਦੀ ਹੋਵੇਗੀ : ਸ਼ਾਹੀ ਇਮਾਮ ਦਾ ਐਲਾਨ



ਲੁਧਿਆਣਾ 'ਚ ਹਬੀਬ ਗਰਲਜ਼ ਕਾਲਜ ਬਣਾਏ ਜਾਣ ਦਾ ਐਲਾਨ ਕਰਦੇ ਹੋਏ ਸ਼ਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਅਤੇ ਸ਼ਹਿਰ ਭਰ ਦੀਆਂ ਮਸਜਿਦਾਂ ਦੇ ਜ਼ਿੰਮੇਦਾਰ, ਇਮਾਮ ਸਾਹਿਬਾਨ ਅਤੇ ਸ਼ਹਿਰੀ ਦੀਆਂ ਸਾਰੀਆਂ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੇ ਆਗੂ ।

ਲੁਧਿਆਣਾ,
-ਰੋਜ਼ਾਨਾ ਸਵੇਰਾ-

ਸ਼ਹਿਰ ਦੀ ਇਤਿਹਾਸਿਕ ਜਾਮਾ ਮਸਜਿਦ 'ਚ ਬੀਤੀ ਰਾਤ ਬੁਲਾਈ ਗਈ ਵੱਖ-ਵੱਖ ਮਸਜਿਦਾਂ ਦੇ ਪ੍ਰਧਾਨ ਸਾਹਿਬਾਨ ਅਤੇ ਇਮਾਮ ਸਾਹਿਬਾਨ ਅਤੇ ਸਾਮਾਜਿਕ ਸੰਗਠਨਾਂ ਦੇ ਜ਼ਿੰਮੇਦਾਰਾਂ ਦੀ ਮੀਟਿੰਗ 'ਚ ਇੱਕ ਇਤਿਹਾਸਿਕ ਫੈਸਲਾ ਲੈਂਦੇ ਹੋਏ ਸ਼ਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਐਲਾਨ ਕੀਤਾ ਕਿ ਲੁਧਿਆਣਾ ਦੇ ਮੁਸਲਮਾਨ ਸਮਾਜ ਵੱਲੋਂ ਦੇਸ਼ ਦੀਆਂ ਬੇਟੀਆਂ ਲਈ ਜਲਦੀ ਹੀ ਲੁਧਿਆਣਾ 'ਚ ਹਬੀਬ ਗਰਲਜ਼ ਕਾਲਜ ਦੀ ਸਥਾਪਨਾ ਕੀਤੀ ਜਾਵੇਗੀ । ਉਨ੍ਹਾਂ ਦੱਸਿਆ ਕਿ ਇਹ ਕਾਲਜ ਮਰਹੂਮ ਸ਼ਾਹੀ ਇਮਾਮ ਪੰਜਾਬ ਮੌਲਾਨਾ ਹਬੀਬ ਉਰ ਰਹਿਮਾਨ ਸਾਨੀ ਲੁਧਿਆਣਵੀ ਦਾ ਸੁਫ਼ਨਾ ਸੀ ਇਸ ਲਈ ਇਹ ਸੰਸਥਾਨ ਉਨ੍ਹਾਂ ਨੂੰ ਹੀ ਸਮਰਪਿਤ ਕੀਤਾ ਗਿਆ ਹੈ । ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਇਸ ਵਿਸ਼ੇ 'ਚ ਬੁਲਾਏ ਗਏ ਪੱਤਰਕਾਰ ਸੰਮੇਲਨ 'ਚ ਅੱਜ ਕਿਹਾ ਕਿ ਲੁਧਿਆਣਾ 'ਚ ਬਣਾਉਣ ਜਾ ਰਹੇ ਹਬੀਬ ਗਰਲਜ਼ ਕਾਲਜ ਲਈ ਜਗ੍ਹਾ ਲੈ ਲਈ ਗਈ ਹੈ ਅਤੇ ਜਲਦੀ ਹੀ ਕੈਂਪਸ ਦਾ ਡਿਜਾਇਨ ਫਾਇਨਲ ਹੁੰਦੇ ਹੀ ਕਾਲਜ ਬਣਨਾ ਸ਼ੁਰੂ ਹੋ ਜਾਵੇਗਾ । ਕਾਲਜ ਦਾ ਸਥਾਪਨਾ ਸਮਾਰੋਹ 10 ਸਤੰਬਰ ਨੂੰ ਆਯੋਜਿਤ ਕੀਤਾ ਜਾਵੇਗਾ । ਸ਼ਾਹੀ ਇਮਾਮ ਨੇ ਕਿਹਾ ਕਿ ਇਹ ਜਨਰਲ ਕਾਲਜ ਹੋਵੇਗਾ ਇਸ 'ਚ ਸਰਵ ਧਰਮ ਦੀ ਜਰੂਰਤਮੰਦ ਬੇਟੀਆਂ ਨੂੰ ਮੁਫ਼ਤ 'ਚ ਸਿੱਖਿਆ ਵੀ ਦਿੱਤੀ ਜਾਵੇਗੀ । ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀ ਨੇ ਇੱਕ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਇਸ ਕਾਲਜ 'ਚ ਮੁਸਲਮਾਨ ਬੇਟੀਆਂ ਹਿਜਾਬ, ਸਿੱਖ ਬੇਟੀਆਂ ਦਸਤਾਰ ਅਤੇ ਹਿੰਦੂ ਬੇਟੀਆਂ ਨੂੰ ਤਿਲਕ ਲਾ ਕੇ ਪੜਣ ਦੀ ਆਜ਼ਾਦੀ ਹੋਵੇਗੀ, ਕਿਸੇ ਵੀ ਬੇਟੀ 'ਤੇ ਪਹਿਰਾਵੇ ਨੂੰ ਲੈ ਕੇ ਕੋਈ ਰੋਕ ਨਹੀਂ ਲਗਾਈ ਜਾਵੇਗੀ । ਉਨ੍ਹਾਂ ਦੱਸਿਆ ਕਿ ਹਬੀਬ ਗਰਲਜ਼ ਕਾਲਜ 'ਚ ਐਮ.ਏ, ਬੀ. ਏ, ਸਹਿਤ ਸਾਰੇ ਡਿਗਰੀ ਕੋਰਸ ਕਰਵਾਏ ਜਾਣਗੇ । ਸ਼ਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਕਿਹਾ ਕਿ ਇਸ ਕਾਲਜ ਦੀ ਸ਼ਾਨਦਾਰ ਇਮਾਰਤ ਨੂੰ ਬਣਾਉਣ ਲਈ ਸ਼ਹਿਰ ਅਤੇ ਸੂਬੇ ਦੀਆਂ ਸਾਰੀਆਂ ਮਸਜਿਦਾਂ ਦੇ ਨਮਾਜੀ ਯੋਗਦਾਨ ਦੇਣਗੇ ।

ਇਸ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਅਹਿਰਾਰ ਫਾਊਂਡੇਸ਼ਨ (ਐਨ.ਜੀ.ਓ) ਦੀ ਸਥਾਪਨਾ ਕਰ ਦਿੱਤੀ ਗਈ ਹੈ । ਸ਼ਾਹੀ ਇਮਾਮ ਨੇ ਦੱਸਿਆ ਕਿ ਹਬੀਬ ਗਰਲਜ਼ ਕਾਲਜ ਦੇ ਮਾਰਗ ਦਰਸ਼ਨ ਲਈ ਬੁੱਧੀ ਜੀਵੀਆਂ ਉਦਯੋਗਪਤੀਆਂ, ਨੌਕਰਸ਼ਾਹੀ ਅਤੇ ਧਾਰਮਿਕ ਵਿਦਵਾਨਾਂ 'ਤੇ ਆਧਾਰਿਤ ਐਡਵਾਇਜਰੀ ਬੋਰਡ ਬਣਾਇਆ ਜਾ ਰਿਹਾ ਹੈ । ਸ਼ਾਹੀ ਇਮਾਮ ਨੇ ਦੱਸਿਆ ਕਾਲਜ ਦਾ ਹਾਸਟਲ ਨਾਲ ਹੀ ਬਣੇਗਾ ਤਾਂਕਿ ਪੰਜਾਬ ਦੇ ਸਾਰੇ ਸ਼ਹਿਰਾਂ ਤੋਂ ਘੱਟਗਿਣਤੀ ਵਰਗ ਦੀਆਂ ਬੇਟੀਆਂ ਇੱਥੇ ਰਹਿ ਕੇ ਸਿੱਖਿਆ ਹਾਸਲ ਕਰ ਸਕਣ ।

# ਕੌਮੀ ਡੇਂਗੂ ਦਿਵਸ਼ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ




ਲੁਧਿਆਣਾ,
-ਰੋਜ਼ਾਨਾ ਸਵੇਰਾ-

ਕੌਮੀ ਡੇਂਗੂ ਦਿਵਸ ਸਬੰਧੀ ਅੱਜ ਐਸ.ਐਮ.ਓ ਮਾਨੂੰਪੁਰ ਡਾ.ਰਵੀ ਦੱਤ ਦੀ ਅਗਵਾਈ ਵਿੱਚ ਸੀ.ਐਚ.ਸੀ ਮਾਨੂੰਪੁਰ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਸਮੇਂ ਡਾ.ਸ਼ਿਵਾਨੀ ਸ਼ਰਮਾ ਨੇ ਕਿਹਾ ਕਿ ਡੇਂਗੂ ਮਾਦਾ ਏਡੀਜ ਅਜੈਪਿਟੀ ਨਾਂ ਦੇ ਮੱਛਰ ਦੇ ਕੱਟਣ ਕਾਰਨ ਹੁੰਦਾ ਹੈ ਜੋ ਕੇ ਸਾਫ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ। ਇਸ ਲਈ ਜਰੂਰੀ ਕੇ ਆਪਣੇ ਘਰਾਂ ਦੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਜੇ ਕਿਸੇ ਨੂੰ ਤੇਜ ਬੁਖਾਰ, ਸਿਰਦਰਦ, ਅੱਖਾ ਦੇ ਪਿਛਲੇ ਹਿੱਸੇ ਵਿੱਚ ਦਰਦ, ਮਸੂੜਿਆਂ ਅਤੇ ਨੱਕ ਵਿੱਚੋਂ ਖ਼ੂਨ ਵਗਣਾ ਆਦਿ ਲੱਛਣ ਦਿਖਾਈ ਦੇਣ ਤਾ ਤਰੁੰਤ ਨੇੜਲੇ ਸਿਹਤ ਕੇਂਦਰ ਜਾਣਾ ਚਾਹੀਦਾ ਹੈ। ਇਸ ਸਮੇਂ ਗੁਰਦੀਪ ਸਿੰਘ ਬੀ.ਈ.ਈ ਅਤੇ ਗੁਰਮਿੰਦਰ ਸਿੰਘ ਸਿਹਤ ਇੰਨਸਪੈਕਟਰ ਨੇ ਕਿਹਾ ਕੇ ਮੱਛਰਾਂ ਕੇ ਕੱਟਣ ਤੋਂ ਬਚਾਉ ਲਈ ਜਰੂਰੀ ਹੈ ਕੇ ਪੂਰੀਆਂ ਬਾਹਾ ਦੇ ਕਪੜੇ ਪਾ ਕੇ ਰੱਖੇ ਜਾਣ ਅਤੇ ਸੋਣ ਵੇਲੇ ਮੱਛਰਦਾਨੀਆ ਦੀ ਅਤੇ ਮੱਛਰ ਭਜਾਉ ਯੰਤਰਾ ਦੀ ਵਰਤੋਂ ਕਰਨੀ ਚਾਹੀਦੀ ਹੈ। । ਉਨ੍ਹਾਂ ਦੱਸਿਆ ਕੇ ਸਿਹਤ ਵਿਭਾਗ ਹਰ ਸ਼ੁੱਕਰਵਾਰ ਨੂੰ ਡ੍ਰਾਈ ਡੇਅ ਦੇ ਤੌਰ ਤੇ ਮਨਾਉਂਦਾ ਹੈ ਇਸ ਦਿਨ ਹਰ ਇੱਕ ਪਰਿਵਾਰ ਆਪਣੇ ਕੂਲਰਾ, ਫਰਿਜਾ ਦੀਆ ਟ੍ਰੇਆਂ ਆਦਿ ਨੂੰ ਸਾਫ ਕਰਕੇ ਸੁੱਕਾ ਰੱਖੇ। ਇਸ ਸਮੇਂ ਸੁਰਿੰਦਰਪਾਲ ਮਹਿਤਾ, ਬੀਨਾ ਰਾਣੀ, ਜਸਦੀਪ ਸਿੰਘ, ਜਗਦੀਪ ਸਿੰਘ, ਸੰਦੀਪ ਕੌਰ,ਮਨਦੀਪ ਕੌਰ, ਹਰਪ੍ਰੀਤ ਕੌਰ ਆਦਿ ਹਾਜਰ ਸਨ।

# ਰੋਸ ਮੁਜ਼ਾਹਰੇ ਦੌਰਾਨ ਦੋ ਮਹਿਲਾਵਾਂ ਬੇਹੋਸ਼

ਸੰਗਰੂਰ,
-ਰੋਜ਼ਾਨਾ ਸਵੇਰਾ-

ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਅੱਜ ਮੁੱਖ ਸੜਕ 'ਤੇ ਆਵਾਜਾਈ ਠੱਪ ਕਰਕੇ ਪ੍ਰਦਰਸ਼ਨ ਕਰ ਰਹੀਆਂ ਕਰੋਨਾ ਯੋਧਾ ਨਰਸਾਂ ਵਿੱਚੋਂ ਦੋ ਨਰਸਾਂ ਗਰਮੀ ਕਾਰਨ ਬੇਹੋਸ਼ ਹੋ ਗਈਆਂ। ਪਿਛਲੇ ਕਰੀਬ ਦੋ ਹਫ਼ਤਿਆਂ ਤੋਂ ਕਰੋਨਾ ਯੋਧਿਆਂ ਵੱਲੋਂ ਮੁੱਖ ਮੰਤਰੀ ਦੀ ਕੋਠੀ ਅੱਗੇ ਦਿੱਤੇ ਜਾ ਰਹੇ ਪੱਕੇ ਰੋਸ ਧਰਨੇ ਤਹਿਤ ਜਾਰੀ ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਭੁੱਖ ਹੜਤਾਲ ਅੱਜ ਮਰਨ ਵਰਤ ਵਿੱਚ ਤਬਦੀਲ ਕਰ ਦਿੱਤੀ ਗਈ ਹੈ। ਭੁੱਖ ਹੜਤਾਲ ਨੂੰ ਅੱਜ ਮਰਨ ਵਰਤ ਵਿੱਚ ਤਬਦੀਲ ਕਰਨ ਮਗਰੋਂ ਅੱਜ ਸਿਖਰ ਦੁਪਹਿਰੇ ਕਰੋਨਾ ਯੋਧੇ ਨਰਸਿੰਗ ਸਟਾਫ਼ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ ਵਾਲੀ ਕਲੋਨੀ ਸਾਹਮਣੇ ਸੰਗਰੂਰ-ਪਟਿਆਲਾ ਬਾਈਪਾਸ 'ਤੇ ਆਵਾਜਾਈ ਠੱਪ ਕਰ ਦਿੱਤੀ ਗਈ।

# ਡੇਂਗੂ ਤੋਂ ਬਚਾਅ ਲਈ ਵਿਸ਼ਵ ਡੇਂਗੂ ਦਿਵਸ ਮਨਾਇਆ

ਬੁਢਲਾਡਾ,
-ਰੋਜ਼ਾਨਾ ਸਵੇਰਾ-



ਸੀਨੀਅਰ ਮੈਡੀਕਲ ਅਫ਼ਸਰ ਡਾ. ਗੁਰਚੇਤਨ ਪ੍ਰਕਾਸ਼ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਿੰਡ ਬੁਢਲਾਡਾ ਵਿੱਚ ਡੇਂਗੂ ਜਾਗਰੂਕਤਾ ਹਫਤੇ ਤਹਿਤ ਗਤੀਵਿਧੀਆਂ ਨਿਰੰਤਰ ਜਾਰੀ ਹਨ। ਸਿਹਤ ਵਿਭਾਗ ਦੇ ਕਰਮਚਾਰੀਆਂ ਵੱਲੋਂ ਘਰ ਘਰ ਜਾਕੇ ਲੋਕਾਂ ਨੂੰ ਅਤੇ ਸਕੂਲਾਂ ਵਿੱਚ ਜਾਕੇ ਵਿਦਿਆਰਥੀਆਂ ਨੂੰ ਇਨ੍ਹਾਂ ਬਿਮਾਰੀਆਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਸਿਹਤ ਸੁਪਰਵਾਈਜ਼ਰ ਸੰਜੀਵ ਕੁਮਾਰ ਨੇ ਦੱਸਿਆ ਕਿ ਮੱਛਰ ਸਾਫ ਪਾਣੀ ਵਿੱਚ ਆਪਣੇ ਅੰਡੇ ਦਿੰਦਾ ਹੈ, ਇਸ ਤਰਾਂ ਪਾਣੀ ਨੂੰ ਖੜਾ ਨਾ ਹੋਣ ਦਿਤਾ ਜਾਵੇ ਕੂਲਰ, ਫਰਿਜ, ਗਮਲਿਆਂ, ਡਰੱਮ, ਟੁੱਟੇ ਭੱਜੇ ਭਾਂਡੇ, ਖਰਾਬ ਟਾਇਰ ਆਦਿ ਵਿਚ ਵੀ ਮੱਛਰ ਜਿਆਦਾ ਪਨਪਦੇ ਹਨ, ਜਿਸਦਾ ਖਾਸ ਧਿਆਨ ਰੱਖਣਾ ਚਾਹਿਦਾ ਹੈ। ਉਨਾਂ ਡੇਂਗੂ ਦੇ ਮੁੱਖ ਲੱਛਣਾਂ ਬਾਰੇ ਦੱਸਦੇ ਹੋਏ ਕਿਹਾ ਕਿ ਵਿਅਕਤੀ ਨੂੰ ਤੇਜ ਬੁਖਾਰ ਹੋਣਾ, ਤੇਜ ਸਿਰਦਰਦ, ਚਮੜੀ ਤੇ ਦਾਣੇ ਹੋਣਾ, ਨੱਕ ਵਿੱਚੋਂ ਖੂਨ ਵਗਣ ਆਦਿ ਹਨ। ਜੇਕਰ ਕਿਸੇ ਵਿਅਕਤੀ ਨੂੰ ਉਕਤ ਲੱਛਣ ਦਿਖਾਈ ਦਿੰਦੇ ਹਨ ਤਾਂ ਉਸ ਨੂੰ ਸਰਕਾਰੀ ਹਸਪਤਾਲ ਵਿੱਚ ਪਹੁੰਚ ਕੇ ਖੂਨ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਡੇਂਗੂ ਅਤੇ ਮਲੇਰੀਆ ਦੀ ਜਾਂਚ ਤੇ ਇਲਾਜ ਮੁਫਤ ਕੀਤਾ ਜਾਂਦਾ ਹੈ। ਸਿਹਤ ਕਰਮਚਾਰੀ ਮੰਗਲ ਸਿੰਘ ਨੇ ਵੱਖ ਵੱਖ ਥਾਂਵਾਂ ਤੇ ਲੋਕਾਂ ਨੂੰ ਡੇਂਗੂ ਤੋਂ ਬਚਾਅ ਅਤੇ ਸਾਵਧਾਨੀਆਂ ਬਾਰੇ ਦੱਸਿਆ ਇਸ ਮੌਕੇ 'ਤੇ Dr ਸੁਨੀਦੀ ਜੈਨ, ਰਵਿੰਦਰ ਕੌਰ ਕਮਲਪ੍ਰੀਤ ਕੌਰ, ਅਤੇ ਸਾਰੀਆ ਆਸਾ ਵਰਕਰ ਹਾਜ਼ਰ ਸਨ ।

# ਤਜਰਬੇ ਦੀ ਘਾਟ ਕਾਰਨ ਥਿੜਕਣ ਲੱਗੀ ਪੰਜਾਬ ਸਰਕਾਰ: ਜਨਰਲ ਜੇ.ਜੇ. ਸਿੰਘ

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਭਾਰਤੀ ਫੌਜ ਦੇ ਸਾਬਕਾ ਮੁਖੀ ਅਤੇ ਭਾਜਪਾ ਆਗੂ ਜਨਰਲ ਜੇ.ਜੇ. ਸਿੰਘ ਦਾ ਕਹਿਣਾ ਹੈ ਕਿ 'ਆਪ' ਸਰਕਾਰ ਕੋਲ਼ ਸਰਕਾਰ ਚਲਾਉਣ ਦਾ ਤਜਰਬਾ ਨਹੀਂ ਹੈ। ਇਸੇ ਕਰਕੇ ਜਲਦੀ ਹੀ ਇਹ ਸਰਕਾਰ ਥਿੜਕਣ ਲੱਗੀ ਹੈ। ਉਨ੍ਹਾਂ ਕਿਹਾ ਕਿ ਪਟਿਆਲਾ 'ਚ ਵਾਪਰੀ ਹਿੰਸਾ ਸਮੇਤ ਰਾਜ ਅੰਦਰ ਗੈਂਗਸਟਰਾਂ ਦਾ ਸਰਗਰਮ ਹੋਣਾ ਸਾਬਤ ਕਰਦਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਸਰਕਾਰ ਦੀ ਸਭ ਤੋਂ ਵੱਡੀ ਨਾਕਾਮੀ ਹੈ। ਹੁਣ ਵੀ ਜੇ ਹਾਲਾਤ



ਕਾਬੂ ਹੇਠ ਨਾ ਲਿਆਂਦੇ ਗਏ, ਤਾਂ ਜਨਤਾ ਨੂੰ ਸਰਕਾਰ ਦੀ ਜਵਾਬਦੇਹੀ ਤੈਅ ਕਰਨੀ ਆਉਂਦੀ ਹੈ। ਅੱਜ ਇਥੇ 'ਪਟਿਆਲਾ ਮੀਡੀਆ ਕਲੱਬ' ਵਿਖੇ ਪ੍ਰੈਸ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਸਿੱਖਾਂ ਪ੍ਰਤੀ ਵੀ ਪੂਰੀ ਤਰ੍ਹਾਂ ਸੁਹਿਰਦ ਹੈ ਅਤੇ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਵਿਚਾਰ ਚਰਚਾਵਾਂ ਚੱਲ ਰਹੀਆਂ ਹਨ। ਸਾਬਕਾ ਫੌਜ ਮੁਖੀ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੇ ਜਿੰਨਾ ਵੱਡਾ ਬਹੁਮਤ ਦੇ ਕੇ ਜਿਵੇਂ 'ਆਪ' ਸਰਕਾਰ ਬਣਾਈ ਹੈ, ਉਸ ਤੋਂ ਵੱਡੀਆਂ ਉਮੀਦਾਂ ਆਸਾਂ ਹਨ, ਪ੍ਰੰਤੂ ਦੋ ਮਹੀਨਿਆਂ 'ਚ ਹੀ ਸਰਕਾਰ ਪ੍ਰਤੀ ਲੋਕ ਮਨਾ 'ਚ ਨਫਰਤ ਪੈਦਾ ਹੋਣ ਲੱਗੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵੱਡੇ ਆਰਥਿਕ ਸੰਕਟ ਅਤੇ ਚੁਣੌਤੀਆਂ ਵਿਚੋਂ ਲੰਘ ਰਿਹਾ ਹੈ ਜਿਸ ਪ੍ਰਤੀ 'ਆਪ' ਸਰਕਾਰ ਸੁਹਿਰਦ ਨਹੀਂ ਹੈ।

# ਬਿਜਲੀ ਟਾਵਰਾਂ ਖ਼ਿਲਾਫ ਜਬਰ ਵਿਰੋਧੀ ਕਿਸਾਨ ਸੰਘਰਸ਼ ਕਮੇਟੀ ਕਾਇਮ

## ਕਿਸਾਨਾਂ ਵੱਲੋਂ ਟਰਾਂਸਕੋ ਖ਼ਿਲਾ.ਫ ਸੰਘਰਸ਼ ਤੇ ਜ਼ਮੀਨਾਂ 'ਚ ਟਾਵਰ ਨਾ ਲੱਗਣ ਦੇਣ ਦਾ ਐਲਾਨ

**ਘਨੌਰ,**
**-ਰੋਜ਼ਾਨਾ ਸਵੇਰਾ-**

ਨੇੜਲੇ ਪਿੰਡ ਹਰਪਾਲਪੁਰ ਵਿੱਚ ਇਲਾਕੇ ਦੇ ਦਰਜਨ ਤੋਂ ਵੱਧ ਪਿੰਡਾਂ ਦੇ ਸੈਕੜੇ ਕਿਸਾਨਾਂ ਦੀ ਮੀਟਿੰਗ ਹੋਈ, ਜਿਸ ਵਿੱਚ 220 ਕੇ.ਵੀ ਬਿਜਲੀ ਗਰਿੱਡ ਭਟੇੜੀ ਤੋਂ ਮਹਿਮਦਪੁਰ ਬੈਰੀਅਰ ਤੱਕ ਕਿਸਾਨਾਂ ਦੀ ਜ਼ਮੀਨ 'ਚ ਟਰਾਂਸਕੋ (ਪੀਐੱਸਟੀਸੀਐੱਲ) ਵੱਲੋਂ ਬਿਜਲੀ ਟਾਵਰ ਲਗਾਉਣ ਖ਼ਿਲਾਫ਼ ਸੰਘਰਸ਼ ਦਾ ਐਲਾਨ ਕੀਤਾ ਗਿਆ।



ਮੀਟਿੰਗ ਦੌਰਾਨ ਸੰਘਰਸ਼ ਦੀ ਅਗਵਾਈ ਕਰਨ ਲਈ 'ਜਬਰ ਵਿਰੋਧ ਕਿਸਾਨ ਸੰਘਰਸ਼ ਕਮੇਟੀ' ਦਾ ਗਠਨ ਕੀਤਾ ਗਿਆ। ਜਿਸ ਦੇ ਸਰਪ੍ਰਸਤ ਭਗਵਾਨ ਸਿੰਘ ਖਾਲਸਾ ਹਰਪਾਲਪੁਰ, ਪ੍ਰਧਾਨ ਗੁਰਜਿੰਦਰ ਸਿੰਘ, ਮੀਤ ਪ੍ਰਧਾਨ ਹਰਵਿੰਦਰ ਸਿੰਘ, ਸਕੱਤਰ ਗੁਰਜੀਤ ਸਿੰਘ, ਮੀਤ ਸਕੱਤਰ ਨਾਗਰ ਸਿੰਘ, ਖਜ਼ਾਨਚੀ ਸੁਖਵਿੰਦਰ ਸਿੰਘ ਚੁਣੇ ਗਏ। ਮੀਟਿੰਗ ਦੌਰਾਨ ਸੂਬਾਈ ਕਿਸਾਨ ਆਗੂ ਮਾਨ ਸਿੰਘ ਰਾਜਪੁਰਾ, ਉਜਾਗਰ ਸਿੰਘ ਧਮੋਲੀ, ਕਿਰਪਾਲ ਸਿੰਘ ਆਦਿ ਨੇ ਆਖਿਆ ਕਿ ਟਰਾਂਸਕੋ ਵੱਲੋਂ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਪੂਰਤੀ ਲਈ ਉਨ੍ਹਾਂ ਦੀਆਂ ਜ਼ਮੀਨਾਂ ਵਿੱਚ ਬਿਜਲੀ ਸਪਲਾਈ ਲਾਈਨ ਦੇ ਟਾਵਰ ਲੱਗ ਜਾਣ ਨਾਲ ਸਾਰੀ ਉਪਜਾਊ ਜ਼ਮੀਨ ਬਰਬਾਦ ਹੋ ਜਾਵੇਗੀ, ਜਿਸ ਨੂੰ ਉਹ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਇਹ ਮਾਮਲਾ ਜਲਦੀ ਹੀ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਵਿੱਚ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨ ਆਪਣੀ ਜ਼ਮੀਨ ਵਿੱਚ ਇੱਕ ਵੀ ਟਾਵਰ ਨਹੀਂ ਲਾਉਣ ਦੇਣਗੇ, ਭਾਵੇਂ ਇਸ ਲਈ ਕਿੰਨਾ ਹੀ ਸੰਘਰਸ਼ ਕਿਉਂ ਨਾ ਕਰਨਾ ਪਵੇ।

**ਮਾਮਲਾ ਹੱਲ ਕੀਤਾ ਜਾਵੇਗਾ: ਐਕਸੀਅਨ**

ਇਸ ਸਬੰਧੀ ਟਰਾਂਸਕੋ ਮੁਹਾਲੀ ਦੇ ਐਕਸੀਅਨ (ਪੀਐੱਸਟੀਸੀਐੱਲ) ਹਰਦੀਦਾਰ ਸਿੰਘ ਸਿੱਧੂ ਨੇ ਕਿਹਾ ਕਿ (ਡੀਐਫਸੀਸੀਆਈਐੱਲ) ਰੇਲਵੇ ਵਿਭਾਗ ਵੱਲੋਂ ਅੰਮ੍ਰਿਤਸਰ ਤੋਂ ਕਲਕੱਤਾ ਤੱਕ ਉਸਾਰੇ ਜਾ ਰਹੇ ਡੇਰੀਕੇਟਿਡ ਫਰੇਟ ਕੋਰੀਡੋਰ ਤਹਿਤ ਮਾਲ ਗੱਡੀਆਂ ਲਈ ਵਿਸ਼ੇਸ ਤੌਰ 'ਤੇ ਰੇਲ ਲਾਈਨ ਉਸਾਰੀ ਜਾ ਰਹੀ ਹੈ, ਜਿਸ ਦੇ ਮਹਿਮਦਪੁਰ ਬੈਰੀਅਰ ਨੇੜਲੇ ਸਟੇਸ਼ਨ ਨੂੰ ਬਿਜਲੀ ਸਪਲਾਈ ਦੇਣ ਲਈ 220 ਕੇ.ਵੀ ਗਰਿੱਡ ਭਟੇੜੀ ਤੋਂ ਇਸ ਖੇਤਰ ਦੇ ਕਰੀਬ ਡੇਢ ਦਰਜਨ ਪਿੰਡਾਂ ਦੀ ਜ਼ਮੀਨ ਵਿੱਚ 98 ਬਿਜਲੀ ਟਾਵਰ ਲੱਗਣੇ ਹਨ। ਜੇਕਰ ਕਿਸਾਨ ਇਸ ਦਾ ਵਿਰੋਧ ਕਰਨਗੇ ਤਾਂ ਉਨ੍ਹਾਂ ਵੱਲੋਂ ਇਹ ਮਾਮਲਾ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆ ਕੇ ਗੱਲਬਾਤ ਰਾਹੀਂ ਹੱਲ ਕੀਤਾ ਜਾਵੇਗਾ।

# ਨਗਰ ਪੰਚਾਇਤ ਦੀ ਪ੍ਰਧਾਨ 'ਤੇ ਨੌਕਰੀ ਦੇਣ ਦੇ ਨਾਂ ਉਤੇ ਪੈਸੇ ਠੱਗਣ ਦੇ ਦੋਸ਼

**ਘੱਗਾ,**
**-ਰੋਜ਼ਾਨਾ ਸਵੇਰਾ-**

ਨਗਰ ਪੰਚਾਇਤ ਘੱਗਾ ਵਿਚ ਨੌਕਰੀ ਦੇਣ ਦੇ ਨਾਂ ਉਤੇ ਪੈਸੇ ਠੱਗੇ ਜਾਣ ਦਾ ਮਾਮਲਾ ਤੇਜ਼ ਹੋ ਗਿਆ ਹੈ। ਇਸ ਸਬੰਧੀ ਇਕ ਵਰਕਰ ਮਗਰੋਂ ਦੂਜੇ ਵਰਕਰ ਨੇ ਵੀ ਨਗਰ ਪੰਚਾਇਤ ਪ੍ਰਧਾਨ ਖਿਲਾਫ਼ ਪੁਲੀਸ ਨੂੰ ਸ਼ਿਕਾਇਤ ਕੀਤੀ ਹੈ।

ਐਸ ਐਸ ਪੀ ਪਟਿਆਲਾ ਨੂੰ ਲਿਖੇ ਸ਼ਿਕਾਇਤ ਪੱਤਰ ਵਿਚ ਨਗਰ ਪੰਚਾਇਤ ਦੇ ਸੇਵਾਦਾਰ ਗਗਨਦੀਪ ਸਿੰਘ ਨੇ ਕਿਹਾ ਹੈ ਕਿ ਨਗਰ ਪੰਚਾਇਤ ਦੀ ਪ੍ਰਧਾਨ ਜਸਬੀਰ ਕੌਰ ਖੰਗੂੜਾ ਅਤੇ ਉਸ ਦੇ ਪਤੀ ਹਰਜਿੰਦਰ ਸਿੰਘ ਨਾਲ ਦੋ ਸਾਲ ਪਹਿਲਾਂ ਉਸ ਨੂੰ ਨਗਰ ਪੰਚਾਇਤ ਵਿਚ ਪੱਕਾ ਕਰਨ ਲਈ ਚਾਰ ਲੱਖ ਰੁਪਏ ਦੀ ਗੱਲਬਾਤ ਤੈਅ ਹੋਈ ਸੀ ਜਿਸ ਵਿਚੋਂ 2 ਲੱਖ ਰੁਪਏ ਕਥਿਤ ਜਸਬੀਰ ਕੌਰ ਖੰਗੂੜਾ ਅਤੇ ਉਸ ਦੇ ਪਤੀ ਹਰਜਿੰਦਰ ਸਿੰਘ ਨੂੰ ਮੌਕੇ ਉਤੇ ਦੇ ਦਿੱਤੇ ਗਏ ਜਦਕਿ ਬਾਕੀ ਦੋ ਲੱਖ ਪੱਕੇ ਹੋਣ ਉਪਰੰਤ ਦੇਣ ਦੀ ਗੱਲ ਕੀਤੀ ਗਈ ਸੀ। ਸ਼ਿਕਾਇਤਕਰਤਾ ਨੇ ਕਿਹਾ ਹੈ ਕਿ ਉਸ ਨੂੰ ਨਗਰ ਪੰਚਾਇਤ ਵਿਚ ਕਲਰਕ ਲਾਉਣ ਦੀ ਗੱਲ ਹੋਈ ਸੀ ਪਰ ਸੇਵਾਦਾਰ ਦਾ ਕੰਮ ਲੈਣ ਮਗਰੋਂ ਪੂਰੀ ਤਨਖਾਹ ਨਹੀਂ ਦਿੱਤੀ ਗਈ। ਉਸ ਨੇ ਕਿਹਾ ਜਸਬੀਰ ਕੌਰ ਖੰਗੂੜਾ ਨੇ ਉਸ ਨੂੰ ਦੱਸਿਆ ਕਿ ਉਸ ਦਾ ਕੇਸ ਮਹਿਕਮੇ ਨੂੰ ਭੇਜ ਦਿੱਤਾ ਹੈ ਪਰ ਦੋ ਸਾਲ ਬੀਤ ਜਾਣ ਉਤੇ ਉਸ ਨੇ ਜਦੋਂ ਗੱਲ ਕੀਤੀ ਤਾਂ ਜਸਬੀਰ ਕੌਰ ਖੰਗੂੜਾ ਅਤੇ ਉਸ ਦੇ ਪਤੀ ਹਰਜਿੰਦਰ ਸਿੰਘ ਨੇ ਕਥਿਤ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਸੇ ਦੌਰਾਨ ਨਗਰ ਪੰਚਾਇਤ ਵਿਚ ਕੰਮ ਚੁੱਕੇ ਇਕ ਹੋਰ ਸੇਵਾਦਾਰ ਗੁਰਪ੍ਰੀਤ ਸਿੰਘ ਨੇ ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿਚ ਕਿਹਾ ਹੈ ਨਗਰ ਪੰਚਾਇਤ ਵਿਚ ਉਹ ਮੋਟੀਵੇਟਰ ਲੱਗਾ ਸੀ ਪਰ ਪ੍ਰਧਾਨ ਜਸਬੀਰ ਕੌਰ ਖੰਗੂੜਾ ਨੇ ਉਸ ਨੂੰ ਨਗਰ ਪੰਚਾਇਤ ਵਿਚ ਚਪੜਾਸੀ ਲਾਏ ਜਾਣ ਦਾ ਕਥਿਤ ਝਾਂਸਾ ਦੇ ਕੇ ਇਕ ਲੱਖ, ਪੱਚੀ ਹਜ਼ਾਰ ਰੁਪਏ ਠੱਗ ਲਏ ਅਤੇ ਚਾਰ ਮਹੀਨੇ ਦੀ ਤਨਖਾਹ ਨਹੀਂ ਦਿੱਤੀ ਗਏ। ਗੁਰਪ੍ਰੀਤ ਸਿੰਘ ਨੇ ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿਚ ਕਿਹਾ ਕਿ ਉਸ ਦੇ ਪੈਸੇ ਵਾਪਸ ਕਰਵਾਏ ਜਾਣ ਅਤੇ ਪ੍ਰਧਾਨ ਖਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ।

**ਦੋਹਾਂ ਧਿਰਾਂ ਦੇ ਬਿਆਨ ਲਏ ਜਾਣਗੇ: ਐੱਸਐੱਚਓ**

ਪੁਲੀਸ ਕੋਲ ਆਈਆਂ ਇਨ੍ਹਾਂ ਸ਼ਿਕਾਇਤਾਂ ਦੀ ਪੁਸ਼ਟੀ ਕਰਦਿਆਂ ਐਸਐਚਓ ਘੱਗਾ ਅਜੈ ਕੁਮਾਰ ਨੇ ਦੱਸਿਆ ਕਿ ਸ਼ਿਕਾਇਤਾਂ ਆਈਆਂ ਹਨ ਅਤੇ ਦੋਹਾਂ ਧਿਰਾਂ ਦੇ ਬਿਆਨ ਲਏ ਜਾਣਗੇ।

**ਨਗਰ ਪੰਚਾਇਤ ਪ੍ਰਧਾਨ ਨੇ ਦੋਸ਼ਾਂ ਨੂੰ ਨਕਾਰਿਆ ?**

ਇਸ ਸਬੰਧੀ ਨਗਰ ਪੰਚਾਇਤ ਪ੍ਰਧਾਨ ਜਸਬੀਰ ਕੌਰ ਖੰਗੂੜਾ ਅਤੇ ਉਸ ਦੇ ਪਤੀ ਹਰਜਿੰਦਰ ਸਿੰਘ ਨੇ ਦੋਸ਼ਾਂ ਨੂੰ ਬੇਬੁਨਿਆਦ ਕਿਹਾ ਹੈ।

# ਜੈਇੰਦਰ ਵੱਲੋਂ ਤ.ਗਮਾ ਜੇਤੂ ਖਿਡਾਰਨਾਂ ਦੀ ਮੇਜ਼ਬਾਨੀ



**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਬੇਟੀ ਜੈਇੰਦਰ ਕੌਰ ਨੇ ਅੱਜ ਪੰਜਾਬੀ ਯੂਨੀਵਰਸਿਟੀ ਦੀਆਂ ਉਨ੍ਹਾਂ ਮਹਿਲਾ ਮੈਡਲ ਜੇਤੂਆਂ ਦੀ ਮੇਜ਼ਬਾਨੀ ਕੀਤੀ, ਜਿਨ੍ਹਾਂ ਨੇ ਹਾਲ ਹੀ ਵਿੱਚ ਬੰਗਲੁਰੂ ਵਿੱਚ ਹੋਈਆਂ 'ਖੇਲੋ ਇੰਡੀਆ ਯੂਨੀਵਰਸਿਟੀ ਖੇਡਾਂ' ਵਿੱਚ ਪੰਜਾਬ ਦਾ ਨਾਂ ਰੌਸ਼ਨ ਕੀਤਾ ਸੀ। ਪੰਜਾਬੀ ਯੂਨੀਵਰਸਿਟੀ ਨੇ ਇਨ੍ਹਾਂ ਖੇਡਾਂ ਵਿੱਚ 31 ਤਗਮੇ ਜਿੱਤੇ ਹਨ। ਇਸ ਮੌਕੇ 24 ਲੜਕੀਆਂ ਤੇ ਉਨ੍ਹਾਂ ਦੇ ਕੋਚ ਵੀ ਮੌਜੂਦ ਸਨ। ਖਿਡਾਰਨਾਂ ਨੂੰ ਜਿੱਤ 'ਤੇ ਵਧਾਈ ਦਿੰਦਿਆਂ, ਜੈ ਇੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਵੱਲੋਂ ਮਾਰੀਆਂ ਮੱਲਾਂ ਹੋਰਨਾਂ ਲਈ ਪ੍ਰੇਰਨਾਦਾਇਕ ਹੈ। ਇਸ ਮੌਕੇ ਖਿਡਾਰਨਾਂ 'ਚ ਤਨਵੀਰ ਕੌਰ, ਸਿਮਰਜੀਤ ਸਿੰਘ, ਕਿਰਨਜੋਤ ਕੌਰ, ਸਿਮਰਨਦੀਪ ਕੌਰ, ਸਿਮਰਨਜੀਤ ਕੌਰ, ਲਗਨ ਜਿੰਦਲ, ਅਨੰਨਿਆ ਤੇ ਪਵਨੀਤ ਕੌਰ ਪ੍ਰਨੀਤ ਕੌਰ, ਮਨਪ੍ਰੀਤ ਕੌਰ, ਸੁਜਾਤਾ, ਮਨਪ੍ਰੀਤ ਕੌਰ, ਪ੍ਰਭਜੋਤ ਕੌਰ, ਪ੍ਰੀਤਇੰਦਰ ਕੌਰ, ਪ੍ਰਭਜੋਤ, ਅਨੁਸ਼ਿਕਾ, ਸਹਿਜਪ੍ਰੀਤ ਕੌਰ, ਤਨੀਸ਼ਾ, ਅਮਨਦੀਪ ਕੌਰ, ਡਾ. ਇਸ਼ਨੀਤ ਔਲਖ, ਅਰਸ਼ਦੀਪ ਕੌਰ, ਕ੍ਰਿਤਿਕਾ ਸ਼ਰਮਾ ਤੇ ਅਸੀਸ ਛੀਨਾ ਸ਼ਾਮਲ ਸਨ।

# ਵਿੱਤ ਮੰਤਰੀ ਚੀਮਾਂ ਨੇ ਸੁਣੀਆਂ ਹਲਕੇ ਦੀਆਂ ਸਮੱਸਿਆਵਾਂ

**ਸੰਗਰੂਰ, -**
**-ਰੋਜ਼ਾਨਾ ਸਵੇਰਾ-**

ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਦੀ ਵਿੱਤੀ ਹਾਲਤ ਸੁਧਾਰਨ ਲਈ ਪੰਜਾਬ ਸਰਕਾਰ ਸਰਕਾਰੀ ਖਜਾਨੇ ਵਿੱਚੋਂ ਹੋ ਰਹੀ ਲੀਕੇਜ਼ ਨੂੰ ਬੰਦ ਕਰਨ ਲਈ ਯਤਨਸ਼ੀਲ ਹੈ। ਉਹ ਦਿੜ੍ਹਬਾ ਵਿਖੇ ਆਪਣੇ ਦਫਤਰ ਵਿੱਚ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸੀ। ਚੀਮਾ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਉਤੇ ਕਾਬਜ਼ ਰਹੀਆਂ ਪਾਰਟੀਆਂ ਨੇ ਪੰਜਾਬ ਦੇ ਭਲੇ ਲਈ ਕੋਈ ਕੰਮ ਨਹੀਂ ਕੀਤਾ।



ਪੰਜਾਬ ਦੇ ਖਜਾਨੇ ਨੂੰ ਲੁੱਟਿਆਂ ਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਪੰਚਾਇਤੀ ਜ਼ਮੀਨ ਉਤੇ ਕੀਤੇ ਗਏ ਕਬਜ਼ਿਆਂ ਨੂੰ ਛੁਡਵਾਉਣ ਲਈ ਸਰਕਾਰ ਪੂਰਾ ਜੋਰ ਲਾ ਰਹੀ ਹੈ ਅਤੇ ਪੰਜਾਬ ਦੇ ਲੋਕ ਇਸ ਕੰਮ ਲਈ ਸਹਿਯੋਗ ਵੀ ਦੇ ਰਹੇ ਹਨ। ਇਸ ਨਾਲ ਜਿੱਥੇ ਲੋਕਾਂ ਦੇ ਨਜ਼ਾਇਜ ਕਬਜੇ ਬੰਦ ਹੋਣਗੇ ਅਤੇ ਸਰਕਾਰ ਦੀ ਆਮਦਨ ਵਿੱਚ ਵੀ ਵਾਧਾ ਹੋਵੇਗਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੀ ਗਈ ਨਜਾਇਜ ਕਬਜੇ ਕਰਨ ਵਾਲਿਆ ਨੂੰ ਅਪੀਲ ਅਤੇ ਤਾੜਨਾ ਦਰੁਸਤ ਹੈ। 31 ਮਈ ਤੱਕ ਸਾਰੇ ਕਬਜੇ ਛੱਡ ਦੇਣ ਅਤੇ ਨਹੀਂ ਖਰਚਾ ਅਤੇ ਪਰਚਾ ਦਰਜ ਹੋਵੇਗਾ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਚੋਣਾਂ ਸਮੇਂ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਇੱਕ ਇੱਕ ਕਰਕੇ ਪੂਰਾ ਕਰ ਰਹੀ ਹੈ। ਸਿਹਤ ਸਹੂਲਤਾਂ ਅਤੇ ਸਿੱਖਿਆ ਸਹੂਲਤਾਂ ਦੇਣਾ ਪਹਿਲ ਹੋਵੇਗੀ। ਲੱਚਰ ਗੀਤ ਗਾਉਣ ਵਾਲੇ ਅਤੇ ਗੰਨ ਕਲਚਰ ਨੂੰ ਪ੍ਰਮੋਟ ਕਰਨ ਵਾਲੇ ਗੀਤਾਂ ਦੇ ਖਿਲਾਫ ਮੁੱਖ ਮੰਤਰੀ ਦੇ ਦਿੱਤੇ ਬਿਆਨ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

# ਗਰਮੀ ਤੇ ਬਿਜਲੀ ਕੱਟਾਂ ਨੇ ਲੁਧਿਆਣਵੀਆਂ ਦਾ ਚੈਨ ਖੋਹਿਆ

**ਲੁਧਿਆਣਾ,**
**-ਰੋਜ਼ਾਨਾ ਸਵੇਰਾ-**

ਸਨਅਤੀ ਸ਼ਹਿਰ ਲੁਧਿਆਣਾ ਵਿੱਚ ਐਤਵਾਰ ਨੂੰ ਪਾਰਾ 45.5 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਦਿਨੋਂ ਦਿਨ ਵਧ ਰਹੀ ਗਰਮੀ ਅਤੇ ਉਪਰੋਂ ਬਿਜਲੀ ਦੇ ਕੱਟਾਂ ਨੇ ਲੋਕਾਂ ਦਾ ਜਿਊਣਾ ਔਖਾ ਕਰ ਦਿੱਤਾ ਹੈ। ਗਰਮੀ ਤੋਂ ਬਚਣ ਲਈ ਲੋਕ ਆਪਣੇ ਮੂੰਹ-ਸਿਰ ਢਕ ਕੇ ਬਾਜ਼ਾਰਾਂ ਵਿੱਚੋਂ ਲੰਘਦੇ ਆਮ ਦੇਖੇ ਗਏ। ਇਸ ਵਾਰ ਮਈ ਮਹੀਨਾ ਪਿਛਲੇ ਸਾਲਾਂ ਦੇ ਮੁਕਾਬਲੇ ਗਰਮ ਰਿਹਾ।



ਬੀਤੇ ਦਿਨ ਜਿਹੜਾ ਪਾਰਾ 44 ਡਿਗਰੀ ਸੈਲਸੀਅਸ ਤੱਕ ਸੀ, ਉਹ ਅੱਜ ਐਤਵਾਰ ਦੁਪਹਿਰ ਤੱਕ ਵਧ ਕੇ 45.5 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਦੋਪਹੀਆ ਵਾਹਨ ਚਾਲਕਾਂ ਅਤੇ ਪੈਦਲ ਰਾਹਗੀਰਾਂ ਲਈ ਨੰਗੇ ਸਿਰ/ਮੂੰਹ ਚੱਲਣਾ ਵੀ ਮੁਸ਼ਕਲ ਹੋ ਗਿਆ। ਲੋਕ ਆਪਣੇ ਸਿਰ ਅਤੇ ਮੂੰਹ ਕੱਪੜਿਆਂ ਨਾਲ ਢਕ ਕੇ ਜਾਂਦੇ ਦਿਖਾਈ ਦਿੱਤੇ। ਕਈ ਸਮਾਜ ਸੇਵੀ ਲੋਕਾਂ ਨੇ ਗਰਮੀ ਤੋਂ ਰਾਹਤ ਦੇਣ ਲਈ ਠੰਢੇ ਪਾਣੀ ਦੀਆਂ ਛਬੀਲਾਂ ਲਾਈਆਂ ਹੋਈਆਂ ਸਨ। ਇਸ ਗਰਮੀ ਦਾ ਅਸਰ ਉਨ੍ਹਾਂ ਇਲਾਕਿਆਂ ਵਿੱਚ ਵੱਧ ਦੇਖਣ ਨੂੰ ਮਿਲਿਆ ਜਿੱਥੇ ਬਿਜਲੀ ਦੇ ਵੀ ਲੰਬੇ ਕੱਟ ਲੱਗੇ ਰਹੇ।

# ਮੁੱਖ ਮੰਤਰੀ ਦੇ ਪ੍ਰੋਗਰਾਮ 'ਤੁਹਾਡੀ ਸਰਕਾਰ, ਤੁਹਾਡੇ ਦੁਆਰ' ਨੂੰ ਪਟਿਆਲਾ ਜ਼ਿਲ੍ਹੇ 'ਚ ਲਾਗੂ ਕਰਨ ਲਈ ਰਣਨੀਤੀ ਤਿਆਰ : ਸਾਕਸ਼ੀ ਸਾਹਨੀ

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਰੰਭੇ ਨਿਵੇਕਲੇ ਪ੍ਰੋਗਰਾਮ 'ਤੁਹਾਡੀ ਸਰਕਾਰ ਤੁਹਾਡੇ ਦੁਆਰ' ਨੂੰ ਪਟਿਆਲਾ ਜ਼ਿਲ੍ਹੇ 'ਚ ਲਾਗੂ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਣਨੀਤੀ ਤਿਆਰ ਕਰ ਲਈ ਗਈ ਹੈ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਜ਼ਿਲ੍ਹੇ 'ਚ 9 ਥਾਵਾਂ 'ਤੇ 'ਮੁੱਖ ਮੰਤਰੀ ਡੈਸਕ' ਸਥਾਪਤ ਕਰਨ ਲਈ ਇੱਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 'ਤੁਹਾਡੀ ਸਰਕਾਰ, ਤੁਹਾਡੇ ਦੁਆਰ' ਪ੍ਰੋਗਰਾਮ ਅਧੀਨ ਜ਼ਿਲ੍ਹਾ ਪੱਧਰ ਅਤੇ ਸਬ-ਡਵੀਜ਼ਨ ਪੱਧਰ 'ਤੇ ਇੱਕ-ਇੱਕ 'ਮੁੱਖ ਮੰਤਰੀ ਡੈਸਕ' ਸਥਾਪਤ ਕੀਤਾ ਜਾਵੇਗਾ। ਇਸ ਤਰ੍ਹਾਂ ਜ਼ਿਲ੍ਹਾ ਪੱਧਰ 'ਤੇ ਇੱਕ 'ਮੁੱਖ ਮੰਤਰੀ ਡੈਸਕ ਸਹਾਇਕ' ਵੀ ਨਿਯੁਕਤ ਕੀਤਾ ਗਿਆ, ਜੋ ਕਿ ਸੀ.ਐਮ. ਡੈਸਕ 'ਤੇ ਜ਼ਿਲ੍ਹੇ ਸਮੇਤ ਬਾਹਰਲੇ ਜ਼ਿਲ੍ਹਿਆਂ ਤੋਂ ਪ੍ਰਾਪਤ ਹੋਣ ਵਾਲੀਆਂ ਦਰਖਾਸਤਾਂ, ਜ਼ਿਨ੍ਹਾਂ ਦਾ ਨਿਪਟਾਰਾ ਮੁੱਖ ਮੰਤਰੀ ਦਫ਼ਤਰ ਜਾਂ ਮੁੱਖ ਦਫ਼ਤਰ, ਪੰਜਾਬ ਵੱਲੋਂ ਕੀਤਾ ਜਾਣਾ ਹੈ, ਨੂੰ ਸਰਕਾਰ ਤੱਕ ਪਹੁੰਚਾਏਗਾ।



ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਪਟਿਆਲਾ ਜ਼ਿਲ੍ਹੇ 'ਚ 9 ਥਾਵਾਂ 'ਤੇ ਮੁੱਖ ਮੰਤਰੀ ਡੈਸਕ ਸਥਾਪਤ ਕਰਨ ਲਈ ਤਿਆਰ ਕੀਤੀ ਰਣਨੀਤੀ 'ਤੇ ਚਰਚਾ ਕਰਦੇ ਹੋਏ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਮੰਤਵ ਲਈ ਪਟਿਆਲਾ ਦੇ ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਨੂੰ 'ਤੁਹਾਡੀ ਸਰਕਾਰ, ਤੁਹਾਡੇ ਦੁਆਰ' ਵਾਸਤੇ ਬਤੌਰ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਸਾਰੇ ਉਪ ਮੰਡਲ ਮੈਜਿਸਟ੍ਰੇਟ/ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਤੇ ਦਿਹਾਤੀ ਵਿਕਾਸ) ਪਟਿਆਲਾ ਦੇ ਦਫ਼ਤਰਾਂ 'ਚ ਸਬੰਧਤ ਸੁਪਰਡੈਂਟਾਂ ਨੂੰ ਬਤੌਰ ਮੁੱਖ ਮੰਤਰੀ ਡੈਸਕ ਸਹਾਇਕ ਕੰਮ ਕਰਨ ਲਈ ਤਾਇਨਾਤ ਕੀਤਾ ਗਿਆ ਹੈ।

ਸਾਕਸ਼ੀ ਸਾਹਨੀ ਨੇ ਦੱਸਿਆ ਕਿ ਸੀ.ਐਮ. ਡੈਸਕ ਸਹਾਇਕ ਪ੍ਰਾਪਤ ਹੋਈਆਂ ਦਰਖਾਸਤਾਂ ਨੂੰ ਮੁੱਖ ਮੰਤਰੀ ਦਫ਼ਤਰ ਜਾਂ ਮੁੱਖ ਦਫ਼ਤਰ, ਪੰਜਾਬ ਦੀ ਈਮੇਲ 'ਤੇ ਭੇਜੇਗਾ ਅਤੇ ਉਸਦੀ ਇੱਕ ਕਾਪੀ ਜ਼ਿਲ੍ਹੇ ਦੀ 'ਤੁਹਾਡੀ ਸਰਕਾਰ, ਤੁਹਾਡੇ ਦੁਆਰ' ਦੀ ਈਮੇਲ 'ਤੇ ਭੇਜਣ ਸਮੇਤ ਡਿਪਟੀ ਸਕੱਤਰ, ਮੁੱਖ ਮੰਤਰੀ, ਪੰਜਾਬ ਦੀ ਈਮੇਲ 'ਤੇ ਵੀ ਭੇਜਿਆ ਜਾਵੇਗਾ। ਜਦਕਿ ਸਹਾਇਕ ਕਮਿਸ਼ਨਰ (ਸ਼ਿਕਾਇਤਾਂ) ਵੱਲੋਂ ਰੋਜ਼ਾਨਾ ਭੇਜੀਆਂ ਦਰਖਾਸਤਾਂ ਦੀ ਸੂਚੀ ਤਿਆਰ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਮੀਟਿੰਗ 'ਚ ਹਾਜ਼ਰ ਵਧੀਕ ਡਿਪਟੀ ਕਮਿਸ਼ਨਰਾਂ (ਸ਼ਹਿਰੀ ਤੇ ਦਿਹਾਤੀ ਵਿਕਾਸ) ਤੇ ਸਾਰੇ ਉਪ ਮੰਡਲ ਮੈਜਿਸਟ੍ਰੇਟਾਂ ਨੂੰ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਪੀ.ਜੀ.ਆਰ.ਐਸ. ਅਤੇ ਈ-ਸੇਵਾ 'ਤੇ ਆਉਣ ਵਾਲੀਆਂ ਸਾਰੀਆਂ ਸ਼ਿਕਾਇਤਾਂ ਨੂੰ ਰੋਜ਼ਾਨਾ ਅਧਾਰ 'ਤੇ ਮੋਨੀਟਰ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ ਤਾਂ ਕਿ ਲ ਕ ਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ

# ਕਾਮਿਆਂ ਦੀਆਂ ਤੈਅ ਸ਼ੁਦਾ ਤਨਖਾਹਾਂ ਦੀ ਅਦਾਇਗੀ 'ਤੇ ਰੋਕ ਲਗਾਉਣ ਅਤੇ ਬਲੱਡ ਰਿਲੈਸ਼ਨ ਕਾਮਿਆਂ ਨੂੰ ਕੱਢਣ ਦੇ ਜਾਰੀ ਪੱਤਰ ਦੇ ਵਿਰੋਧ 'ਚ ਕੀਤਾ ਅਰਥੀ ਫੂਕ ਪ੍ਰਦਰਸ਼ਨ

**ਸੰਗਰੂਰ ,**
**-ਰੋਜ਼ਾਨਾ ਸਵੇਰਾ-**

ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਅੱਜ ਸਮਾਣਾ ਵਿਖੇ ਜਲ ਸਪਲਾਈ ਦੇ ਕਾਮਿਆਂ ਵਲੋਂ ਪੰਜਾਬ ਸਰਕਾਰ ਅਤੇ ਵਿਭਾਗੀ ਮੁਖੀ ਜਸਸ ਵਿਭਾਗ ਦਾ ਪੁਤਲਾ ਫੂਕ ਕੇ ਰੋਸ਼ ਪ੍ਰਦਰਸ਼ਨ ਕੀਤਾ ਗਿਆ ਅਤੇ ਜੰਮ ਕੇ ਨਾਅਰੇਬਾਜੀ ਕੀਤੀ ਗਈ। ਇਸ ਮੌਕੇ ਜਿਲ੍ਹਾ ਪਟਿਆਲਾ ਬ੍ਰਾਂਚ ਸਮਾਣਾ ਦੇ ਪ੍ਰਧਾਨ ਬਲਕਾਰ ਸਿੰਘ ਕਕਰਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਵਿਭਾਗੀ ਮੁਖੀ, ਜਸਸ ਵਿਭਾਗ ਵੱਲੋਂ ਬੀਤੇ ਦਿਨੀ ਵੀਡਿਓ ਕਾਨਫਰੰਸ ਰਾਹੀਂ ਕਾਰਜਕਾਰੀ ਇੰਜੀਨੀਅਰਾਂ ਨਾਲ ਮੀਟਿੰਗ ਕਰਕੇ ਇਨਲਿਸਟਮੈਂਟ, ਆਉਟਸੋਰਸ, ਠੇਕੇਦਾਰਾਂ, ਕੰਪਨੀ ਆਦਿ ਰਾਹੀ ਕੰਮ ਕਰਦੇ ਕਾਮਿਆਂ ਨੂੰ ਪਹਿਲਾਂ ਤੋਂ ਮਿਲਦੀਆਂ ਤੈਅ ਸ਼ੁਦਾ ਤਨਖਾਹਾਂ ਨੂੰ ਰੋਕਣ ਦੇ ਆਦੇਸ਼ ਜੁਬਾਨੀ ਦੇ ਦਿੱਤੇ ਗਏ ਹਨ, ਜਿਸਦੇ ਕਾਰਨ ਕਾਮਿਆਂ ਨੂੰ ਤਨਖਾਹਾਂ ਨਹੀਂ ਮਿਲਣ ਕਾਰਨ ਘਰਾਂ ਦੇ ਖਰਚੇ ਚੱਲਣੇ ਔਖੇ ਹੋ ਗਏ ਹਨ। ਇਸਦੇ ਨਾਲ ਹੀ ਵਿਭਾਗੀ ਮੁਖੀ ਵਲੋਂ ਹੇਠਲੇ ਅਧਿਕਾਰੀਆਂ ਨੂੰ ਇਕ ਹੋਰ



ਪੱਤਰ ਜਾਰੀ ਕੀਤਾ ਹੈ ਕਿ ਇਸ ਵੇਲੇ ਕੰਮ ਕਰ ਰਹੇ ਜਾਂ ਰਿਟਾਇਰ ਹੋ ਚੁੱਕੇ ਕੁਝ ਜਿੰਮੇਵਾਰ ਅਧਿਕਾਰੀਆਂ ਅਤੇ ਕਰਮਚਾਰੀਆਂ ਵਲੋਂ ਆਪਣੇ ਨਜਦੀਕੀਆਂ (ਧੀਆਂ, ਪੁੱਤਰਾਂ, ਭਤੀਜੇ-ਭਤੀਜਆਂ, ਇਤਿਆਦਿ) ਵਿਚੋਂ ਤਕਰੀਬਨ 4000 ਦੇ ਲਗਭਗ ਠੇਕੇਦਾਰ ਬਣਾ ਕੇ ਉਨ੍ਹਾਂ ਨੂੰ ਹਰ ਮਹੀਨੇ 25-30 ਹਜਾਰ ਰੁਪਏ ਦਿੱਤੇ ਜਾ ਰਹੇ ਹਨ ਜੋਕਿ ਇਹ ਪੱਤਰ ਬਿਲਕੁਲ ਝੂਠਾ ਹੈ ਕਿਉਕਿ ਇਨ੍ਹਾਂ ਵਰਕਰਾਂ ਵਿਚ ਨਾਂ ਤਾਂ ਕੋਈ ਰਿਸ਼ਤੇਦਾਰ ਹੈ ਅਤੇ ਨਾ ਹੀ 25-30 ਹਜਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਤੱਕ ਸਹੂਲਤਾਂ ਪਹੁੰਚਾਉਣ ਲਈ ਪੰਜਾਬ ਸਰਕਾਰ ਦੇ ਅਧਿਕਾਰੀਆਂ ਵਲੋਂ ਸਾਨੂੰ ਪਹਿਲਾਂ ਠੇਕੇਦਾਰਾਂ ਅਧੀਨ ਬਤੌਰ ਆਉਟਸੋਰਸ ਮੁਲਾਜਮ ਨਿਗੁਣੀਆਂ ਤਨਖਾਹਾਂ ਤੇ ਭਰਤੀ ਕੀਤਾ ਗਿਆ ਸੀ। ਯੂਨੀਅਨ ਵਲੋਂ ਇਨ੍ਹਾਂ ਕਾਮਿਆਂ ਨੂੰ ਤਜਰਬੇ ਦੇ ਅਧਾਰ 'ਤੇ ਰੈਗੂਲਰ ਹੋਣ ਦੀ ਮੰਗ ਕਰਨੀ ਸ਼ੁਰੂ ਕੀਤੀ ਜੋਕਿ ਸਾਡਾ ਹੱਕ ਹੈ। ਪਰ ਵਿਭਾਗ ਵਲੋਂ ਸਾਡੀ ਨਿੱਜੀ ਮੰਗ ਦਾ ਹੱਲ ਕਰਨ ਦੀ ਬਜਾਏ ਸਾਨੂੰ ਧੱਕੇ ਨਾਲ ਇਨਲਿਸਟਮੈਂਟ 'ਚ ਤਬਦੀਲ ਦਿੱਤਾ ਗਿਆ। ਜਦਕਿ ਸਾਡੀ ਜੱਥੇਬੰਦੀ ਪੰਜਾਬ ਸਰਕਾਰ ਅਤੇ ਵਿਭਾਗ ਤੋਂ ਮੰਗ ਕਰ ਰਹੀ ਹੈ ਕਿ ਇਨਲਿਸਟਮੈਂਟ ਦੇ ਘੇਰੇ ਤੋਂ ਬਾਹਰ ਰੱਖ ਕੇ ਸਾਡੇ ਨਾਲ ਬਤੌਰ ਕਾਮਿਆ ਵਾਲਾ ਵਿਹਾਰ ਕੀਤਾ ਜਾਵੇ। ਅੱਜ ਵੀ ਸਾਡੇ ਸੰਘਰਸ਼ ਦੀ ਇਹ ਪ੍ਰਮੁੱਖ ਮੰਗ ਹੈ। ਇਸ ਤਰ੍ਹਾਂ ਇਨਲਿਸਟਮੈਂਟ ਦੇ ਘੇਰੇ 'ਚ ਸਾਨੂੰ, ਸਾਡੇ ਨਾਲ ਸਮੇਂ ਦੇ ਅਧਿਕਾਰੀਆਂ ਦੀਆਂ ਨਜਦੀਕੀ ਰਿਸ਼ਤੇਦਾਰੀਆਂ ਕਰਕੇ ਨਹੀਂ ਲਿਆਂਦਾ ਗਿਆ, ਸਗੋ ਇਹ ਕੰਮ ਸਾਨੂੰ ਰੈਗੂਲਰ ਕਰਨ ਦੇ ਘੇਰੇ ਤੋਂ ਬਾਹਰ ਕਰਨ ਦੀ ਸਰਕਾਰ ਅਤੇ ਮਹਿਕਮੇ ਦੀ ਲੋੜ ਵਿਚੋਂ ਕੀਤਾ ਗਿਆ। ਸੋ ਸਾਡੀ ਮੰਗ ਮੁਤਾਬਿਕ ਵਿਭਾਗ ਵਲੋਂ ਇਕ ਪੜਤਾਲੀਆਂ ਕਮੇਟੀ ਵੀ ਬਣਾਈ ਗਈ, ਜਿਸਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਇਹ ਪੰਪ ਉਪਰੇਟਰ ਠੇਕੇਦਾਰ ਨਹੀਂ ਹਨ। ਜਦਕਿ ਇਕ ਵਰਕਰ ਦੇ ਰੂਪ ਵਿਚ ਇਨ੍ਹਾਂ ਪਾਸੋ 4 ਤੋਂ 5 ਪੋਸਟਾਂ ਦਾ ਕੰਮ ਲਿਆ ਜਾਂਦਾ ਹੈ। ਜਿਸ ਤਹਿਤ ਜਥੇਬੰਦੀ ਵਲੋਂ ਮੁੱਖ ਇੰਜੀਨੀਅਰ, ਜਸਸ ਵਿਭਾਗ, ਪਟਿਆਲਾ ਦੇ ਪੱਤਰ ਨੰਬਰ ਜਸਸ/ਅਨਗ(7) 39 ਮਿਤੀ 11-01-2018 ਰਾਹੀ ਤਿਆਰ ਕੀਤੀ ਹੋਈ ਪ੍ਰਪੋਜਲ ਨੂੰ ਲਾਗੂ ਕਰਕੇ ਇਨ੍ਹਾਂ ਕਾਮਿਆਂ ਨੂੰ ਵਿਭਾਗ ਵਿਚ ਮਰਜ ਕਰਕੇ ਰੈਗੂਲਰ ਕਰਨ ਦੀ ਮੰਗ ਕੀਤੀ ਜਾ ਰਹੀ ਹੈ ਅਤੇ ਪਿਛਲੀ ਸਰਕਾਰ ਦੇ ਦੌਰਾਨ ਵਿਭਾਗ ਦੀ ਕੈਬਨਿਟ ਮੰਤਰੀ ਦੇ ਆਦੇਸ਼ ਤਹਿਤ ਜਸਸ ਵਿਭਾਗ ਦੇ ਪੱਤਰ ਨੰਬਰ 62984/2021/674 ਮਿਤੀ 17-08-2021 ਨੂੰ ਗਰੁੱਪ ਆਫ ਮਨਿਸਟਰਜ਼ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਅਗਲੀ ਕਾਰਵਾਈ ਪਰ ਭੇਜਿਆ ਵੀ ਗਿਆ ਸੀ।

ਜਥੇਬੰਦੀ ਵਲੋਂ ਪੰਜਾਬ ਸਰਕਾਰ ਤੇ ਮਹਿਕਮੇ ਦੀ ਮਨੈਜਮੇਂਟ ਤੋਂ ਮੰਗ ਕੀਤੀ ਗਈ ਹੈ ਕਿ ਇਨ੍ਹਾਂ ਝੂਠੀਆਂ ਸ਼ਿਕਾਇਤਾਂ ਉਪਰ ਅਮਲ ਕਰਨ ਦੀ ਥਾਂ ਜਸਸ ਵਿਭਾਗ ਵਿਚ ਕੰਮ ਕਰਦੇ ਇਨਲਿਸਟਮੈਂਟ ਕਾਮਿਆਂ ਨੂੰ ਤਜਰਬੇ ਦੇ ਅਦਾਰ 'ਤੇ ਵਿਭਾਗ ਵਿਚ ਮਰਜ ਕਰਕੇ ਤੁਰੰਤ ਰੈਗੂਲਰ ਕੀਤਾ ਜਾਵੇ। ਵਰਕਰਾਂ ਨੂੰ ਪਹਿਲਾਂ ਤੋਂ ਤੈਅ ਸ਼ੁੱਦਾ ਤਨਖਾਹਾਂ ਹਰੇਕ ਮਹੀਨੇ ਦੀ 7 ਤਰੀਖ ਤੱਕ ਦੇਣਾ ਯਕੀਨੀ ਕੀਤਾ ਜਾਵੇ ਨਹੀਂ ਤਾਂ ਇਸ ਮੰਗ ਦੀ ਪੂਰਤੀ ਲਈ ਸਾਡਾ ਪਹਿਲਾਂ ਤੋਂ ਹੀ ਸੰਘਰਸ਼ ਜਾਰੀ ਹੈ। ਜੋ ਲਗਾਤਾਰ ਜਾਰੀ ਰੱਖਿਆ ਜਾਵੇਗਾ।

# ਦੇਵੀਗੜ੍ਹ ਦੇ ਬੱਸ ਅੱਡੇ ਲਈ 75 ਲੱਖ ਰੁਪਏ ਮਨਜ਼ੂਰ: ਪਠਾਣਮਾਜਰਾ

**ਦੇਵੀਗੜ੍ਹ,**
**-ਰੋਜ਼ਾਨਾ ਸਵੇਰਾ-**

ਹਲਕਾ ਸਨੌਰ ਦੇ ਲੋਕਾਂ ਨੂੰ ਹਲਕੇ ਵਿੱਚ ਹੀ ਸੁਵਿਧਾਵਾਂ ਦੇਣ ਲਈ ਹਲਕਾ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਅਗਵਾਈ ਹੇਠ ਅੱਜ ਹਲਕੇ ਦੇ ਪਿੰਡ ਬਿੰਜਲ ਵਿਖੇ ਇੱਕ ਸੁਵਿਧਾ ਕੈਂਪ ਲਗਾਇਆ ਗਿਆ ਜਿਸ ਵਿੱਚ ਪਿੰਡ ਬਿੰਜਲ ਦੇ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਸਰਕਾਰੀ ਕੰਮ ਕਰਵਾਉਣ ਲਈ ਆਪਣੇ ਪਿੰਡ ਦੇ ਨੇੜੇ ਹੀ ਸੁਵਿਧਾਵਾਂ ਮੁਹੱਈਆ ਕਰਵਾਈਆਂ ਗਈਆਂ। ਇਸ ਮੌਕੇ ਤਹਿਸੀਲਦਾਰ ਦੁੱਧਨਸਾਧਾਂ ਮਨਦੀਪ ਕੌਰ ਵੀ ਮੌਜੂਦ ਸਨ। ਇਸ ਸੁਵਿਧਾ ਕੈਂਪ ਵਿੱਚ ਤਹਿਸੀਲ, ਬੀਡੀਪੀਓ, ਸਿਹਤ ਸਹੂਲਤ, ਪੁਲੀਸ ਸਹਾਇਤਾ, ਬਿਜਲੀ ਬੋਰਡ, ਨਰੇਗਾ, ਡਰੇਨ ਵਿਭਾਗ, ਟਰਾਂਸਪੋਰਟ ਅਤੇ ਕਈ ਹੋਰ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ ਜੋ ਕਿ ਪਿੰਡਾਂ ਤੋਂ ਆਏ ਹੋਏ ਲੋਕਾਂ ਨੂੰ ਆਪਣੇ ਆਪਣੇ ਕੰਮ ਕਰਵਾਉਣ ਵਿੱਚ ਸਹਾਇਤਾ ਕਰ ਰਹੇ ਸਨ।



ਪਿੰਡ ਬਿੰਜਲ ਵਿੱਚ ਲੱਗੇ ਸੁਵਿਧਾ ਕੈਂਪ ਵਿੱਚ ਲੋਕਾਂ ਦੀਆਂ ਮੁਸ਼ਕਲਾਂ ਸੁਣਦੇ ਹੋਏ ਹਲਕਾ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਤੇ ਅਧਿਕਾਰੀ

ਇਸ ਮੌਕੇ ਵਿਧਾਇਕ ਪਠਾਣਮਾਜਰਾ ਨੇ ਕਿਹਾ ਕਿ ਉਹ ਤਹਿਸੀਲ ਪੱਧਰ ਦੇ ਜੋ ਅਧਿਕਾਰੀਆਂ ਦੇ ਦਫਤਰ ਪਟਿਆਲੇ ਚੱਲ ਰਹੇ ਹਨ ਉਨ੍ਹਾਂ ਨੂੰ ਵੀ ਜਲਦ ਦੇਵੀਗੜ੍ਹ ਤੇ ਦੂਧਨਸਾਧਾਂ ਲਿਆਉਣ ਦੇ ਯਤਨ ਕਰ ਰਹੇ ਹਨ ਤਾਂ ਕਿ ਇਸ ਤਹਿਸੀਲ ਦੇ ਦਫਤਰ ਇਥੇ ਮੁਕੰਮਲ ਹੋ ਸਕਣ। ਉਨ੍ਹਾਂ ਕਿਹਾ ਕਿ ਬੱਸ ਅੱਡਾ ਦੇਵੀਗੜ੍ਹ ਵਾਸਤੇ 75 ਲੱਖ ਰੁਪਏ ਮਨਜ਼ੂਰ ਹੋ ਗਏ ਹਨ ਅਤੇ ਜਲਦੀ ਹੀ ਇਸ ਬੱਸ ਅੱਡੇ ਦੀ ਉਸਾਰੀ ਸ਼ੁਰੂ ਹੋ ਜਾਵੇਗੀ।

ਇਸ ਤੋਂ ਇਲਾਵਾ ਐਸਡੀਐਮ ਦਫਤਰ ਦੂਧਨਸਾਧਾਂ ਨੂੰ ਨਹਿਰੀ ਰੈਸਟ ਹਾਊਸ ਦੇਵੀਗੜ੍ਹ ਵਿਖੇ ਸ਼ਿਫਟ ਕਰ ਦਿੱਤਾ ਗਿਆ ਹੈ ਅਤੇ ਡੀਐਸਪੀ ਦਿਹਾਤੀ ਵੀ ਤਿੰਨ ਦਿਨ ਦੇਵੀਗੜ੍ਹ ਬੈਠਿਆ ਕਰਨਗੇ। ਅੱਜ ਦੇ ਇਸ ਸੁਵਿਧਾ ਕੈਂਪ ਵਿੱਚ ਕਾਫੀ ਲੋਕਾਂ ਨੇ ਕੰਮ ਕਰਵਾਏ। ਇਸ ਮੌਕੇ ਤਹਿਸੀਲਦਾਰ ਮਨਦੀਪ ਕੌਰ, ਜਤਿੰਦਰ ਸਿੰਘ ਢਿੱਲੋਂ ਬੀਡੀਪੀਓ ਭੁਨਰਹੇੜੀ, ਗੁਰਦੀਪ ਸਿੰਘ ਸੰਧੂ ਥਾਣਾ ਮੁਖੀ ਜੁਲਕਾਂ, ਡਾ. ਪ੍ਰਸ਼ਾਂਤ ਗੌਤਮ ਐਸ.ਐਮ.ਓ., ਗੁਰਵਿੰਦਰ ਸਿੰਘ ਬੀ.ਈ.ਈ., ਅਮਰਜੀਤ ਸਿੰਘ ਏਪੀਓ ਨਰੇਗਾ, ਡਾ. ਗੁਰਮੀਤ ਬਿੱਟੂ ਉਪ ਚੇਅਰਮੈਨ, ਮਨਿੰਦਰ ਫਰਾਂਸਵਾਲਾ ਆਦਿ ਮੌਜੂਦ ਸਨ।

# ਮੁ.ਫਤ ਬੱਸ ਸ.ਫਰ ਸਹੂਲਤ ਨੇ ਪੀਆਰਟੀਸੀ ਦਾ 'ਧੂੰਆਂ' ਕੱਢਿਆ

**ਪਟਿਆਲਾ,**
**-ਰੋਜ਼ਾਨਾ ਸਵੇਰਾ-**

ਪੰਜਾਬ ਦੀ ਕੈਪਟਨ ਸਰਕਾਰ ਵੱਲੋਂ ਔਰਤਾਂ ਨੂੰ ਦਿੱਤੀ ਗਈ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਪੀਆਰਟੀਸੀ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ 'ਤੇ ਭਾਰੂ ਪੈ ਰਹੀ ਹੈ। ਸੂਬਾ ਸਰਕਾਰ ਵੱਲੋਂ ਔਰਤਾਂ ਦੇ ਸਫ਼ਰ ਸਬੰਧੀ ਬਣਦੀ ਅਦਾਇਗੀ ਸਮੇਂ ਸਿਰ ਅਦਾਰੇ ਨੂੰ ਨਾ ਕਰਨ ਕਰਕੇ ਵਿੱਤੀ ਸੰਕਟ ਖੜ੍ਹਾ ਹੋ ਗਿਆ ਹੈ। ਆਲਮ ਇਹ ਹੈ ਕਿ ਇਸ ਅਦਾਇਗੀ ਤਹਿਤ ਸਰਕਾਰ ਵੱਲ 130 ਕਰੋੜ ਰੁਪਏ ਬਕਾਇਆ ਬਣ ਗਿਆ ਹੈ ਤੇ ਅਦਾਰਾ ਇਸ ਵੇਲੇ ਆਪਣੇ ਮੁਲਾਜ਼ਮਾਂ ਤੇ ਪੈਨਸ਼ਰਾਂ ਦੀਆਂ ਬਣਦੀਆਂ ਅਦਾਇਗੀਆਂ ਕਰਨ ਤੋਂ ਵੀ ਅਸਮਰੱਥ ਹੋ ਗਿਆ ਹੈ।




ਜ਼ਿਕਰਯੋਗ ਹੈ ਕਿ ਕੈਪਟਨ ਸਰਕਾਰ ਵੱਲੋਂ ਔਰਤਾਂ ਲਈ ਮੁਫ਼ਤ ਬੱਸ ਸਫ਼ਰ ਦੀ ਐਲਾਨੀ ਸਹੂਲਤ ਨਾਲ ਸਰਕਾਰੀ ਬੱਸਾਂ ਦੀ ਸਵਾਰੀ ਜ਼ਰੂਰ ਵਧੀ ਹੈ, ਪਰ ਇਸ ਰਕਮ ਦੀ ਸਰਕਾਰ ਵੱਲੋਂ ਅਦਾਰੇ ਨੂੰ ਅਦਾਇਗੀ 'ਚ ਦੇਰੀ ਹੋਣ ਕਾਰਨ ਦਿਕਤਾਂ ਖੜ੍ਹੀਆਂ ਹੋ ਰਹੀਆਂ ਹਨ, ਜਿਸ ਕਾਰਨ ਹੀ ਅਪਰੈਲ ਮਹੀਨੇ ਦੀ ਤਨਖਾਹ ਨਹੀਂ ਦਿੱਤੀ ਜਾ ਸਕੀ। ਵਰਕਰ ਯੂਨੀਅਨ ਨੇ ਪ੍ਰਧਾਨ ਨਿਰਮਲ ਧਾਲੀਵਾਲ ਦੀ ਅਗਵਾਈ ਹੇਠ ਪ੍ਰਦਰਸ਼ਨ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ ਹੈ। ਪੈਨਸ਼ਨਰ ਐਸੋਸੀਏਸ਼ਨ ਦੇ ਬੁਲਾਰੇ ਹਰੀ ਸਿੰਘ ਚਮਕ ਦੱਸਦੇ ਹਨ ਕਿ ਪੈਨਸ਼ਨਾਂ ਨਾ ਮਿਲਣ ਕਰਕੇ ਪੈਨਸਨਰਜ਼ ਵੀ ਮੁਜ਼ਾਹਰੇ ਦਾ ਪ੍ਰੋਗਰਾਮ ਉਲੀਕ ਰਹੇ ਹਨ।

ਜਾਣਕਾਰੀ ਅਨੁਸਾਰ ਅਦਾਰੇ ਦੇ ਕਰੀਬ ਚਾਰ ਹਜ਼ਾਰ ਮੁਲਾਜ਼ਮਾਂ ਅਤੇ ਸਾਢੇ ਚਾਰ ਹਜ਼ਾਰ ਪੈਨਸ਼ਨਰਾਂ ਦੀਆਂ ਤਨਖ਼ਾਹਾਂ ਅਤੇ ਪੈਨਸ਼ਨਾਂ ਲਈ ਹਰ ਮਹੀਨੇ 25 ਕਰੋੜ ਰੁਪਏ ਲੋੜੀਂਦੇ ਹੁੰਦੇ ਹਨ।

ਪੀਆਰਟੀਸੀ ਕੋਲ 1300 ਬੱਸਾਂ ਰਾਹੀਂ ਰੋਜ਼ਾਨਾ ਦੋ ਕਰੋੜ ਮਾਲੀਆ ਇਕੱਠਾ ਹੁੰਦਾ ਹੈ ਤੇ ਲਗਪਗ 80 ਲੱਖ ਰੁਪਏ ਰੋਜ਼ਾਨਾ ਔਰਤਾਂ ਦੇ ਸਫ਼ਰ ਦਾ ਬਕਾਇਆ ਜੁੜਦਾ ਹੈ।

ਇਸ ਦੇ ਨਾਲ 80 ਲੱਖ ਰੁਪਏ ਰੋਜ਼ਾਨਾ ਡੀਜ਼ਲ 'ਤੇ ਖਰਚ ਹੁੰਦੇ ਹਨ ਤੇ ਇਸ ਤਰ੍ਹਾਂ ਲਗਪਗ 50 ਲੱਖ ਰੁਪਏ ਰੋਜ਼ਾਨਾ ਨਕਦੀ ਬਚਦੀ ਹੈ, ਜਿਸ ਵਿੱਚੋਂ ਹੋਰ ਖਰਚੇ ਵੀ ਕੀਤੇ ਜਾਂਦੇ ਹਨ। ਇਸ ਤਰ੍ਹਾਂ ਮਹੀਨੇ 'ਚ 15 ਕਰੋੜ ਰੁਪਏ ਦੀ ਬੱਚਤ ਹੁੰਦੀ ਹੈ।

ਮੁਲਾਜ਼ਮ ਆਗੂ ਨਿਰਮਲ ਧਾਲੀਵਾਲ ਅਤੇ ਹਰੀ ਸਿੰਘ ਚਮਕ ਤੇ ਬਲਦੇਵ ਰਾਜ ਸ਼ਰਮਾ ਨੇ ਮੰਗ ਰੱਖੀ ਹੈ ਕਿ ਸਰਕਾਰ ਇਹ ਅਦਾਇਗੀ ਹਰ ਮਹੀਨੇ ਯਕੀਨੀ ਬਣਾਵੇ ਤਾਂ ਜੋ ਤਨਖ਼ਾਹਾਂ ਸਮੇਂ ਸਿਰ ਮਿਲ ਸਕਣ। ਐੱਮਡੀ ਪੂਨਮਦੀਪ ਕੌਰ ਦਾ ਕਹਿਣਾ ਹੈ ਕਿ ਜਲਦੀ ਹੀ ਫੰਡ ਜਾਰੀ ਹੋਣ ਦੀ ਸੰਭਾਵਨਾ ਹੈ।

# ਉਚਾਨਾ ਵਿਚ ਸਥਾਪਿਤ ਕੀਤਾ ਜਾਵੇਗਾ ਡਰਾਈਵਿੰਗ ਸਿਖਲਾਈ ਸੰਸਥਾਨ - ਦੁਸ਼ਯੰਤ ਚੌਟਾਲਾ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-



ਹਰਿਆਣਾ ਦੇ ਡਿਪਟੀ ਮੁੱਖ ਮੰਤਰੀ ਸ੍ਰੀ ਦੁਸ਼ਯੰਤ ਚੌਟਾਲਾ ਨੇ ਕਿਹਾ ਹੈ ਕਿ ਟ੍ਰਾਂਸਪੋਰਟ ਕਾਰਪੋਰੇਸ਼ਨ ਆਫ ਇੰਡੀਆ ਵੱਲੋਂ ਉਚਾਨਾ ਵਿਚ ਕਰੀਬ 40 ਕਰੋੜ ਰੁਪਏ ਦੀ ਲਾਗਤ ਨਾਲ ਡਰਾਈਵਰ ਸਿਖਲਾਈ ਸੰਸਥਾਨ ਸਥਾਪਿਤ ਕੀਤਾ ਜਾਵੇਗਾ। ਇਸ ਸੰਸਥਾਨ ਵਿਚ ਆਵਾਜਾਈ ਸਬੰਧੀ ਬੁਨਿਆਦੀ ਤਕਨੀਕੀ ਜਾਣਕਾਰੀ ਦੇ ਨਾਲ-ਨਾਲ ਨੌਜੁਆਨਾਂ ਨੂੰ ਵਾਹਨ ਡਰਾਈਵਿੰਗ ਦਾ ਸਿਖਲਾਈ ਵੀ ਦਿਵਾਈ ਜਾਵੇਗੀ, ਜਿਸ ਨਾਲ ਇਲਾਕੇ ਦੇ ਨੌਜੁਆਨਾਂ ਨੂੰ ਕੌਸ਼ਲ ਵਿਕਾਸ ਕਰਨ ਅਤੇ ਰੁਜਗਾਰ ਪ੍ਰਾਪਤੀ ਦੇ ਲਈ ਅਨੇਕ ਮੌਕੇ ਪ੍ਰਾਪਤ ਹੋਣਗੇ।

ਡਿਪਟੀ ਸੀਐਮ ਅੱਜ ਜੀਂਦ ਜਿਲ੍ਹਾ ਦੇ ਉਚਾਨਾ ਕਸਬੇ ਵਿਚ ਜਨਸਮਸਿਆਵਾਂ ਸੁਣ ਰਹੇ ਸਨ।

ਇਸ ਮੌਕੇ 'ਤੇ ਮੀਡੀਆ ਦੇ ਸੁਆਲਾਂ ਦਾ ਜਵਾਬ ਦਿੰਦੇ ਹੋਏ ਉਨ੍ਹਾ ਨੇ ਦਸਿਆ ਕਿ ਸਬ-ਡਿਵੀਜਨ ਦੇ ਪਿੰਡ ਖੇੜੀ ਮਸਾਨਿਆ ਵਿਚ ਵੀ ਪੰਚਾਇਤੀ ਰਾਜ ਵਿਭਾਗ ਵੱਲੋਂ ਕਰੋੜਾਂ ਰੁਪਏ ਦੀ ਲਾਗਤ ਨਾਲ ਕੰਮ ਕੁਸ਼ਲਤਾ ਇੰਜੀਨੀਅਰਿੰਗ ਕੇਂਦਰ ਸਥਾਪਿਤ ਕਰਨ ਦਾ ਪ੍ਰਾਵਧਾਨ ਹੈ। ਇਸ ਦੇ ਲਈ ਪਿੰਡ ਪੰਚਾਇਤ ਵੱਲੋਂ 20 ਏਕੜ ਜਮੀਨ ਵਿਭਾਗ ਨੂੰ ਉਪਲਬਧ ਕਰਵਾ ਦਿੱਤੀ ਗਈ ਹੈ। ਇਹ ਕੇਂਦਰ ਨੀਲੋਖੇੜੀ ਵਿਚ ਸਥਾਪਿਤ ਕੇਂਦਰ ਦੀ ਤਰਜ 'ਤੇ ਬਣਾਇਆ ਜਾਵੇਗਾ, ਜਿਸ ਵਿਚ ਪਿੰਡ ਸਕੱਤਰ, ਬੀਡੀਪੀਓ, ਐਸਡੀਓ, ਐਕਸਸੀਐਨ ਸਮੇਤ ਹੋਰ ਵਿਭਾਗ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਟ੍ਰੇਨਿੰਗ ਦਿੱਤੀ ਜਾਵੇਗੀ।

ਸ੍ਰੀ ਦੁਸ਼ਯੰਤ ਚੌਟਾਲਾ ਨੇ ਅੱਗੇ ਦਸਿਆ ਕਿ ਉਚਾਨਾ ਵਿਚ ਕੌਮੀ ਰਾਜਮਾਰਗ ਅਥਾਰਿਟੀ ਦਾ ਸਰਵਿਸ ਲੇਨ ਬਨਾਉਣ ਦਾ ਕਮ ਹੁਣ ਪ੍ਰਗਤੀ 'ਤੇ ਹੈ ਜਿਸ ਨੂੰ ਇਕ ਮਹੀਨੇ ਵਿਚ ਪੂਰਾ ਕਰਵਾਉਣ ਦੇ ਲਈ ਅਥਾਰਿਟੀ ਨੂੰ ਨਿਰਦੇਸ਼ ਦਿੱਤੇ ਗਏ ਹਨ, ਇਸ ਕਾਰਜ ਦੇ ਪੂਰਾ ਹੋਣ 'ਤੇ ਉਚਾਨਾ ਦੇ ਆਮ ਬੱਸ ਅੱਡਾ ਨੂੰ ਸੁਚਾਰੂ ਰੂਪ ਨਾਲ ਕਾਰਜਸ਼ੀਲ ਕੀਤਾ ਜਾਵੇਗਾ। ਇਕ ਸੁਆਲ ਦੇ ਜਵਾਬ ਵਿਚ ਡਿਪਟੀ ਮੁੱਖ ਮੰਤਰੀ ਨੇ ਦਸਿਆ ਕਿ ਵਿਭਾਗ ਵੱਲੋਂ ਚੋਣ ਸੂਚੀਆਂ ਨੂੰ ਆਖੀਰੀ ਰੂਪ ਦਿੱਤਾ ਜਾ ਚੁੱਕਾ ਹੈ ਅਤੇ ਇਸ ਤੋਂ ਸਬੰਧਿਤ ਪ੍ਰਸਤਾਵ ਰਾਜ ਚੋਣ ਕਮਿਸ਼ਨ ਨੂੰ ਭੇਜ ਦਿੱਤਾ ਗਿਆ ਹੈ।

ਉਨ੍ਹਾ ਨੇ ਦਸਿਆ ਕਿ ਰਾਜ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦਾ ਮੁੜ ਨਿਰੀਖਣ ਅਤੇ ਆਖੀਰੀ ਛਪਾਈ ਦਾ ਕੰਮ ਪੂਰਾ ਹੋਣ 'ਤੇ ਸਥਾਨਕ ਨਿਗਮਾਂ, ਜਿਲ੍ਹਾ ਪਰਿਸ਼ਦ, ਬਲਾਕ ਕਮੇਟੀ ਅਤੇ ਪਿੰਡ ਪੰਚਾਇਤਾਂ ਦੇ ਚੋਣ ਅਗਲੀ ਜੁਲਾਈ ਜਾਂ ਅਗਸਤ ਮਹੀਨੇ ਵਿਚ ਸੰਭਾਵਿਤ ਹਨ।

ਡਿਪਟੀ ਮੁੱਖ ਮੰਤਰੀ ਨੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਸ਼ਹਿਰ ਵਿਚ ਬਿਹਤਰ ਕੁਆਲਿਟੀ ਦੀ ਸਟ੍ਰੀਟ ਲਾਇਟ ਲਗਵਾਉਣ ਦੇ ਲਈ ਜਲਦੀ ਤੋਂ ਜਲਦੀ ਏਸਟੀਮੇਟ ਬਨਾਉਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ, ਉਨ੍ਹਾਂ ਨੇ ਦਸਿਆ ਕਿ ਸਫਾਈ ਵਿਵਸਥਾ ਦਾ ਵੀ ਕਾਰਜ ਪ੍ਰਗਤੀ 'ਤੇ ਹੈ, ਇਸ ਦੇ ਲਈ ਏਸਟੀਮੇਟ ਤਿਆਰ ਕੀਤੇ ਜਾ ਚੁੱਕੇ ਹਨ ਅਤੇ ਨੇੜੇ ਭਵਿੱਖ ਵਿਚ ਪੂਰੇ ਸੂਬੇ ਵਿਚ ਸਟ੍ਰੀਟ ਲਾਇਟਾਂ ਅਤੇ ਸਫਾਈ ਵਿਵਸਥਾ ਯਕੀਨੀ ਕਰਵਾਈ ਜਾਵੇਗੀ।

ਡਿਪਟੀ ਮੁੱਖ ਮੰਤਰੀ ਨੇ ਕਿਹਾ ਕਿ ਪਿੰਡ, ਗਰੀਬ ਅਤੇ ਕਿਸਾਨ ਦਾ ਵਿਕਾਸ ਮੌਜੂਦਾ ਗਠਜੋ ਸਰਕਾਰ ਦੀ ਪਹਿਲੀ ਪ੍ਰਾਥਮਿਕਤਾ ਹੈ। ਇਸ ਦਿਸ਼ਾ ਵਿਚ ਸਰਕਾਰ ਵੱਲੋਂ ਪਿੰਡ ਦੇ ਵਿਕਾਸ ਅਤੇ ਆਰਥਕ, ਸਮਾਜਿਕ ਅਤੇ ਵਿਦਿਅਕ ਪੱਧਰ 'ਤੇ ਪਿਛੜੇ ਲੋਕਾਂ ਦੀ ਭਲਾਈ ਲਈ ਠੋਸ ਕਦਮ ਚੁੱਕੇ ਜਾ ਰਹੇ ਹਨ।

ਸ੍ਰੀ ਦੁਸ਼ਯੰਤ ਚੌਟਾਲਾ ਨੇ ਕਿਹਾ ਕਿ ਕਿਸਾਨਾਂ ਦੇ ਹਿੱਤ ਮੌਜੂਦਾ ਸਰਕਾਰ ਦੇ ਹੱਥਾਂ ਵਿਚ ਪੂਰੀ ਤਰ੍ਹਾ ਸੁੱਖਿਅਤ ਹਨ। ਕਿਸਾਨਾਂ ਦੀ ਸਹੂਲਤ ਲਈ ਸਰਕਾਰ ਵੱਲੋਂ 31 ਮਈ ਤਕ ਕਣਕ ਖਰੀਦ ਪ੍ਰਕ੍ਰਿਆ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਚਾਲੂ ਰਬੀ ਸੀਜਨ ਦੌਰਾਨ ਉਮੀਦ ਕਣਕ ਦੀ ਆਮਦ ਅਤੇ ਖਰੀਦ ਰਿਕਾਰਡ ਹੋਈ ਹੈ। ਨਾਲ ਹੀ ਕਣਕ ਖਰੀਦ ਅਤੇ ਉਠਾਨਦੇ 72 ਘੰਟੇ ਦੇ ਅੰਦਰ ਫਸਲ ਦੀ ਅਦਾਇਗੀ ਸਿੱਧੇ ਕਿਸਾਨਾਂ ਦੇ ਖਾਤਿਆਂ ਵਿਚ ਭੇਜਣ ਦਾ ਕੰਮ ਕੀਤਾ ਹੈ।

ਡਿਪਟੀ ਮੁੱਖ ਮੰਤਰੀ ਨੇ ਪਾਰਟੀ ਦਫਤਰ ਵਿਚ ਲੋਕਾਂ ਦੀ ਸਮੂਹਿਕ ਅਤੇ ਵਿਅਕਤੀਗਤ ਸਮਸਿਆਵਾਂ ਸੁਣੀਆਂ ਅਤੇ ਇਸ ਦੇ ਜਲਦੀ ਤੋਂ ਜਲਦੀ ਸਹੀ ਹੱਲ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਉਨ੍ਹਾ ਨੇ ਮੌਜੂਦ ਅਧਿਕਾਰੀਆਂ ਨੂੰ ਸਪਸ਼ਟ ਹਿਦਾਇਤਾਂ ਦਿੱਤੀਆਂ ਕਿ ਉਹ ਜਨ ਸਮਸਿਆਵਾਂ ਨੂੰ ਗੰਭੀਰਤਾ ਨਾਲ ਲੈਣ ਅਤੇ ਉਨ੍ਹਾ ਦਾ ਆਪਣੇ ਪੱਧਰ 'ਤੇ ਜਲਦੀ ਹੱਲ ਯਕੀਨੀ ਕਰਨ।

# ਸਿੱਖ ਸਮਾਜ ਵੱਲੋਂ ਰੋਸ ਮਾਰਚ

ਕਰਨਾਲ,
-ਰੋਜ਼ਾਨਾ ਸਵੇਰਾ-

ਸ਼ਾਂਤੀ ਪਸੰਦ ਕਹਾਉਣ ਵਾਲੀ ਸਿੱਖ ਕੌਮ ਦੇ ਨਾਲ ਸ਼ਹਿਰ ਵਾਸੀਆਂ ਨੇ ਰੋਸ ਮਾਰਚ ਕੱਢ ਕੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਰਾਸ਼ਟਰਪਤੀ ਦੇ ਨਾਂਅ ਮੈਮੋਰੰਡਮ ਸੌਂਪਿਆ। ਇਸ ਤੋਂ ਪਹਿਲਾਂ ਕਲੰਦਰੀ ਗੇਟ ਸਥਿਤ ਗੁਰਦੁਆਰਾ ਡੇਰਾ ਕਾਰ ਸੇਵਾ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਇਕੱਤਰਤਾ ਕੀਤੀ। ਉੱਥੋਂ ਰੋਸ ਮਾਰਚ ਸੈਕਟਰ-13 ਰਾਹੀਂ ਜ਼ਿਲ੍ਹਾ ਸਕੱਤਰੇਤ ਪਹੁੰਚਿਆ ਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਸੰਤ ਗੁਰਮੀਤ ਸਿੰਘ ਹਜ਼ੂਰ ਸਾਹਿਬ ਵਾਲਿਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜਦੋਂ ਤੱਕ ਇਨਸਾਫ਼ ਨਹੀਂ ਮਿਲਦਾ, ਉਦੋਂ ਤੱਕ ਉਹ ਪਿੱਛੇ ਨਹੀਂ ਹਟਣਗੇ ਅਤੇ ਸੰਘਰਸ਼ ਕਰਨਗੇ। ਉਨ੍ਹਾਂ ਦੱਸਿਆ ਕਿ ਕੁਝ ਦਿਨ ਪਹਿਲਾਂ ਸੈਕਟਰ-13 ਮਾਰਕੀਟ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤਸਵੀਰ ਲੱਗੀ ਕਾਰ ਦੇ ਸ਼ੀਸ਼ੇ ਤੋੜਨ ਕਾਰਨ ਸ਼ਰਾਰਤੀ ਅਨਸਰਾਂ ਖਿਲਾਫ਼ ਸੈਕਟਰ-13 ਦੇ ਥਾਣੇ ਵਿੱਚ ਸ਼ਿਕਾਇਤ ਕੀਤੀ ਸੀ। ਪਰ ਇਸ 'ਤੇ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ ਕਾਰਨ ਸਿੱਖ ਕੌਮ 'ਚ ਰੋਸ ਹੈ। ਫਿਰ ਸ਼ੋਭਾ ਯਾਤਰਾ ਕੱਢ ਕੇ ਸਿੱਖ ਕੌਮ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਅਪਮਾਨਜਨਕ ਭਾਸ਼ਾ ਦੀ ਵਰਤੋਂ ਕੀਤੀ ਗਈ। ਇਸ ਤੋਂ ਪਹਿਲਾਂ ਸ਼ਾਂਤਮਈ ਮਾਹੌਲ ਵਿਚ ਲੋਕ ਗੁਰਦੁਆਰਾ ਸਾਹਿਬ ਨਤਮਸਤਕ ਹੋਏ ਅਤੇ ਫਿਰ ਸਤਿਨਾਮ ਸ੍ਰੀ ਵਾਹਿਗੁਰੂ ਜੀ ਦਾ ਜਾਪ ਕਰਦੇ ਹੋਏ ਜ਼ਿਲ੍ਹਾ ਸਕੱਤਰੇਤ ਵਿਖੇ ਪਹੁੰਚੇ। ਸਿੱਖ ਪਰਿਵਾਰ ਹਰਿਆਣਾ ਦੇ ਸੂਬਾਈ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹਰਿਆਣਾ ਸੂਬਾਈ ਦੇ ਬੁਲਾਰੇ ਕਵਲਜੀਤ ਸਿੰਘ ਅਜਰਾਨਾ ਨੇ ਕਿਹਾ ਕਿ ਕੁਝ ਸ਼ਰਾਰਤੀ ਲੋਕ ਭਾਈਚਾਰਕ ਸਾਂਝ ਤਬਾਹ ਕਰਨਾ ਚਾਹੁੰਦੇ ਹਨ, ਜੋ ਬਰਦਾਸ਼ਤ ਨਹੀ ਕੀਤਾ ਜਾਵੇਗਾ। ਸਿੱਖ ਭਾਈਚਾਰਾ ਪ੍ਰਸ਼ਾਸਨ ਦੀ ਕਾਰਵਾਈ ਤੋਂ ਸੰਤੁਸ਼ਟ ਨਹੀ ਹੈ। ਉਨ੍ਹਾਂ ਸਰਕਾਰ ਅਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ, ਦੋਸ਼ੀ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਗੁਰੂ ਤੇਗ ਬਹਾਦਰ ਬ੍ਰਿਗੇਡ ਦੇ ਕੌਮੀ ਧਾਰਮਿਕ ਸਲਾਹਕਾਰ ਸਲਾਹਕਾਰ ਗਿਆਨੀ ਤੇਜਪਾਲ ਸਿੰਘ, ਭੁਪਿੰਦਰ ਸਿੰਘ ਲਾਡੀ ਆਦਿ ਮੌਜੂਦ ਸਨ।




# ਪੰਜਾਬ ਤੇ ਹਰਿਆਣਾ ਵਿੱਚ ਗਰਮੀ ਦਾ ਕਹਿਰ ਜਾਰੀ



ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਦੁਪਹਿਰ ਸਮੇਂ ਘਰੋਂ ਬੇਲੋੜਾ ਬਾਹਰ ਨਾ ਨਿਕਲਣ ਦੀ ਸਲਾਹ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਅਤਿ ਦੀ ਗਰਮੀ ਦਾ ਕਹਿਰ ਜਾਰੀ ਹੈ। ਲੂ ਚੱਲਣ ਨਾਲ ਲੋਕਾਂ ਦੀਆਂ ਮੁਸ਼ਕਲਾਂ ਹੋਰ ਵਧ ਗਈਆਂ ਹਨ। ਮੌਸਮ ਵਿਭਾਗ ਅਨੁਸਾਰ ਅਗਲੇ 24 ਘੰਟਿਆਂ ਵਿੱਚ ਪੰਜਾਬ ਅਤੇ ਹਰਿਆਣਾ ਵਿੱਚ ਕੁਝ ਥਾਵਾਂ 'ਤੇ ਤੇਜ਼ ਹਨੇਰੀ ਅਤੇ ਹਲਕੇ ਮੀਂਹ ਨਾਲ ਲੋਕਾਂ ਨੂੰ ਗਰਮੀ ਤੋਂ ਮਾਮੂਲੀ ਰਾਹਤ ਮਿਲ ਸਕਦੀ ਹੈ। ਹਾਲਾਂਕਿ ਇਸ ਮਗਰੋਂ ਮੁੜ ਤਾਪਮਾਨ ਵਧੇਗਾ। ਤਿੱਖੀ ਗਰਮੀ ਨੂੰ ਵੇਖਦਿਆਂ ਚੰਡੀਗੜ੍ਹ ਪ੍ਰਸ਼ਾਸਨ ਨੇ ਲੋਕਾਂ ਨੂੰ ਦੁਪਹਿਰ ਸਮੇਂ ਘਰੋਂ ਬੇਲੋੜਾ ਬਾਹਰ ਨਾ ਨਿਕਲਣ ਦੀ ਅਪੀਲ ਕਰਦਿਆਂ ਐਡਵਾਈਜ਼ਰੀ ਜਾਰੀ ਕੀਤੀ ਹੈ। ਮੌਸਮ ਵਿਭਾਗ ਅਨੁਸਾਰ ਅੱਜ ਪੰਜਾਬ ਦਾ ਬਠਿੰਡਾ ਅਤੇ ਹਰਿਆਣਾ ਦਾ ਗੁਰੂਗ੍ਰਾਮ ਸਭ ਤੋਂ ਗਰਮ ਸ਼ਹਿਰ ਰਹੇ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਬਠਿੰਡਾ ਦਾ ਤਾਪਮਾਨ 45.1 ਅਤੇ ਗੁਰੂਗ੍ਰਾਮ ਦਾ 44.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਪੰਜਾਬ ਦੇ ਅੰਮ੍ਰਿਤਸਰ ਵਿੱਚ 42.6 ਡਿਗਰੀ ਸੈਲਸੀਅਸ, ਲੁਧਿਆਣਾ ਵਿੱਚ 41.7, ਪਟਿਆਲਾ 'ਚ 42.1, ਪਠਾਨਕੋਟ 'ਚ 43.2, ਬਠਿੰਡਾ 'ਚ 45.1, ਗੁਰਦਾਸਪੁਰ 'ਚ 43.5, ਬਰਨਾਲਾ 'ਚ 41.7, ਫਿਰੋਜ਼ਪੁਰ 'ਚ 40.6, ਹੁਸ਼ਿਆਰਪੁਰ 'ਚ 43.5, ਜਲੰਧਰ 'ਚ 42.1, ਮੋਗਾ 'ਚ 40.5 ਅਤੇ ਮੁਹਾਲੀ 'ਚ 41.4 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ ਹੈ। ਹਰਿਆਣਾ ਦੇ ਅੰਬਾਲਾ 'ਚ 41.7 ਡਿਗਰੀ ਸੈਲਸੀਅਸ, ਹਿਸਾਰ 'ਚ 42.8, ਨਾਰਨੌਲ 'ਚ 43.8, ਰੋਹਤਕ 'ਚ 43.3, ਭਿਵਾਨੀ 'ਚ 42.7, ਫਤਿਆਬਾਦ 'ਚ 41.6, ਝੱਜਰ 'ਚ 43.4, ਕੁਰੂਕਸ਼ੇਤਰ 'ਚ 41.7 ਅਤੇ ਸਿਰਸਾ 'ਚ 42.1 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ ਹੈ। ਇਹ ਤਾਪਮਾਨ ਆਮ ਨਾਲੋਂ 2 ਤੋਂ 3 ਡਿਗਰੀ ਸੈਲਸੀਅਸ ਵੱਧ ਹੈ।

ਮੌਸਮ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਭਲਕੇ ਨੂੰ ਮਾਝਾ, ਦੋਆਬਾ ਅਤੇ ਪੂਰਵੀ ਮਾਲਵਾ ਦੇ ਕੁਝ ਖੇਤਰਾਂ ਵਿੱਚ ਤੇਜ਼ ਹਨੇਰੀ ਅਤੇ ਹਲਕਾ ਮੀਂਹ ਪੈਣ ਦੀ ਸੰਭਾਵਨਾ ਹੈ। ਜਦੋਂ ਕਿ ਉੱਤਰੀ ਹਰਿਆਣਾ ਦੇ ਕੁਝ ਇਲਾਕਿਆਂ ਵਿੱਚ ਵੀ ਤੇਜ਼ ਹਨੇਰੀ ਨਾਲ ਹਲਕਾ ਮੀਂਹ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਉਸ ਤੋਂ ਬਾਅਦ ਮੁੜ ਤਾਪਮਾਨ ਵੱਧਣ ਕਰਕੇ ਗਰਮੀ ਵਧੇਗੀ। ਉੱਤਰੀ ਭਾਰਤ ਵਿੱਚ ਵੱਧ ਰਹੀ ਗਰਮੀ ਨੂੰ ਵੇਖਦਿਆਂ ਚੰਡੀਗੜ੍ਹ ਪ੍ਰਸ਼ਾਸਨ ਨੇ ਲੋਕਾਂ ਨੂੰ ਬਚਾਅ ਰੱਖਣ ਲਈ ਐਡਵਾਇਜ਼ਰੀ ਜਾਰੀ ਕਰ ਦਿੱਤੀ ਹੈ। ਅਸਮਾਨ ਉੱਤੇ ਅੱਜ ਬੱਦਲ ਛਾਏ ਰਹਿਣ ਕਾਰਨ ਭਾਵੇਂ ਪਾਰੇ ਵਿੱਚ ਪਿਛਲੇ ਦੋ ਦਿਨਾਂ ਨਾਲੋਂ ਨਰਮੀ ਆਈ ਹੈ, ਪਰ ਇਸ ਦੇ ਬਾਵਜੂਦ ਗਰਮੀ ਨਾਲ ਪੂਰਾ ਸੂਬਾ ਤੱਪਦਾ ਰਿਹਾ ਹੈ। ਤੇਜ਼ ਹਵਾ ਚੱਲਣ ਕਾਰਨ ਭਾਵੇਂ ਲੋਕਾਂ ਨੂੰ ਲੂ ਤੋਂ ਰਾਹਤ ਮਿਲਦੀ ਰਹੀ, ਪਰ ਲੋਕ ਗਰਮੀ ਤੋਂ ਡਰਦੇ ਘਰਾਂ ਵਿੱਚੋਂ ਘੱਟ ਹੀ ਬਾਹਰ ਨਿਕਲੇ। ਭਾਵੇਂ ਮੌਸਮ ਮਹਿਕਮੇ ਨੇ ਭਲਕੇ ਨੂੰ ਅੱਜ ਵਰਗਾ ਮੌਸਮ ਰਹਿਣ ਦੀ ਭਵਿੱਖਬਾਣੀ ਕੀਤੀ ਹੈ, ਪਰ ਪੰਜਾਬ ਵਿੱਚ ਫਿਰ 20 ਮਈ ਨੂੰ ਮੁੜ ਗਰਮੀ ਵਧਣ ਅਤੇ ਲੂ ਚੱਲਣ ਦਾ ਅਨੁਮਾਨ ਲਾਇਆ ਹੈ। ਗ੍ਰਾਮੀਣ ਕ੍ਰਿਸ਼ੀ ਮੌਸਮ ਸੇਵਾ (ਭਾਰਤ ਮੌਸਮ ਵਿਭਾਗ) ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਮੌਸਮੀ ਸਲਾਹ ਬੁਲੇਟਿਨ ਅਨੁਸਾਰ ਅੱਜ ਮਾਲਵਾ ਖੇਤਰ ਦੇ ਕਈ ਜ਼ਿਲ੍ਹਿਆਂ ਵਿੱਚ ਤਾਪਮਾਨ ਬੀਤੀ ਦਿਨ ਨਾਲੋਂ ਘਟਿਆ ਰਿਹਾ ਹੈ, ਪਰ 18 ਤੋਂ 20 ਮਈ ਦੇ ਵਿਚਕਾਰ ਇੱਕ ਵਾਰ ਫਿਰ ਭਿਆਨਕ ਲੂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਨੂੰ ਆਪਣੀ ਲਪੇਟ ਵਿੱਚ ਮੁੜ ਲਵੇਗੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮੌਸਮ ਮਹਿਕਮੇ ਦੇ ਵਿਗਿਆਨੀ ਡਾ. ਰਾਜ ਕੁਮਾਰ ਪਾਲ ਨੇ ਦੱਸਿਆ ਕਿ ਰਾਜ ਵਿੱਚ ਭਲਕੇ ਚਮਕਦੀ ਧੁੱਪ ਅਤੇ ਲੂ ਤੋਂ ਫੌਰੀ ਰਾਹਤ ਮਿਲਣ ਦੀ ਸੰਭਾਵਨਾ ਹੈ ਅਤੇ ਟੁੱਟਵੀਂ ਬੱਦਲਵਾਈ ਦੇ ਨਾਲ-ਨਾਲ ਗਰਜ-ਚਮਕ ਅਤੇ ਕਿਤੇ-ਕਿਤੇ ਛਿੱਟੇ ਪੈਣ ਦੀ ਆਸ ਪ੍ਰਗਟਾਈ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਬਠਿੰਡਾ ਸਥਿਤ ਖੇਤਰੀ ਖੋਜ ਕੇਂਦਰ ਦੇ ਵਿਗਿਆਨੀ ਡਾ. ਜੀਐੱਸ ਰੋਮਾਣਾ ਨੇ ਦੱਸਿਆ ਕਿ ਕਿਸਾਨਾਂ ਨੂੰ ਆਪਣੀਆਂ ਸਾਉਣੀ ਦੀਆਂ ਸਾਰੀਆਂ ਫ਼ਸਲਾਂ ਨੂੰ ਲੂ ਤੋਂ ਬਚਾਉਣ ਲਈ ਲਗਾਤਾਰ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ।

# ਮਜ਼ਦੂਰਾਂ ਨੇ ਲੋਕਲ ਗੋਦਾਮਾਂ ਵਿੱਚ ਮਾਲ ਰੱਖਣ ਦੀ ਮੰਗ ਉਠਾਈ

ਰਤੀਆ,
-ਰੋਜ਼ਾਨਾ ਸਵੇਰਾ-

ਸਟੇਟ ਹਰਿਆਣਾ ਲੇਵਲ ਦੇ ਮਜ਼ਦੂਰਾਂ ਦੀ ਅਹਿਮ ਮੀਟਿੰਗ ਰਤੀਆ ਵਿਚ ਹੋਈ। ਜਿਸ ਵਿਚ ਹਰਿਆਣਾ ਦੇ ਪ੍ਰਧਾਨ ਬੀਰਾ ਸਿੰਘ ਟੋਹਾਣਾ, ਉਪ ਪ੍ਰਧਾਨ ਬਬਲੂ ਸਿੰਘ ਬਰਵਾਲਾ, ਖਜਾਨਚੀ ਜਰਨੈਲ ਸਿੰਘ ਧਾਰਸੂਲ ਆਦਿ ਸ਼ਾਮਲ ਹੋਏ, ਜਿਨ੍ਹਾਂ ਦੀ ਪ੍ਰਧਾਨਗੀ ਹੇਠ ਪ੍ਰਸਤਾਵ ਅਤੇ ਮੰਗ ਪੱਤਰ ਰੱਖਿਆ ਗਿਆ।

ਮੀਟਿੰਗ ਵਿਚ ਮਜ਼ਦੂਰਾਂ ਦੀ ਅਗਵਾਈ ਕਰਨ ਵਾਲੇ ਪ੍ਰਤੀਨਿਧੀਆਂ ਨੇ ਕਿਹਾ ਕਿ ਉਨ੍ਹਾਂ ਦਾ ਜੋ ਈ.ਪੀ.ਐੱਫ ਦਾ ਪੁਰਾਣਾ ਨੰਬਰ ਹੈ, ਉਸ ਨੂੰ ਲਾਗੂ ਕੀਤਾ ਜਾਵੇ ਅਤੇ ਏਜੰਸੀਆਂ ਵਲੋਂ ਖਰੀਦਿਆ ਜਾਣ ਵਾਲਾ ਝੋਨਾ ਮੰਡੀ ਵਿਚ ਗੋਦਾਮ ਵਿਚ ਲਾਇਆ ਜਾਵੇ।

ਉਨ੍ਹਾਂ ਇਕਮੱਤ ਵਿਚ ਕਿਹਾ ਕਿ ਭਵਿੱਖ ਵਿਚ ਕਣਕ, ਜੀਰੀ, ਮੱਕੀ, ਬਾਜਰਾ ਆਦਿ ਦਾ ਮਾਲ ਲੋਕਲ ਗੋਦਾਮਾਂ ਵਿਚ ਲਾਇਆ ਜਾਵੇ। ਉਨ੍ਹਾਂ ਦੱਸਿਆ ਕਿ ਹੁਣ ਦੀ ਵਾਰ ਕਣਕ ਦੀ ਖਰੀਦ ਤਹਿਤ ਪੂਰੇ ਸੂਬੇ ਵਿਚ ਮਜ਼ਦੂਰਾਂ ਨੂੰ ਕਾਫ਼ੀ ਜੱਦੋ ਜਹਿਦ ਕਰਨੀ ਪਈ ਹੈ ਅਤੇ ਪਰਿਵਾਰਾਂ ਸਮੇਤ ਸੜਕਾਂ ਤੇ ਆਉਣਾ ਪਿਆ ਹੈ।

# ਨਹਿਰ 'ਚ ਡੁੱਬੇ ਪੰਜ ਨੌਜਵਾਨਾਂ 'ਚੋਂ ਤਿੰਨ ਦੀਆਂ ਲਾਸ਼ਾਂ ਮਿਲੀਆਂ



ਯਮੁਨਾ ਨਗਰ,
-ਰੋਜ਼ਾਨਾ ਸਵੇਰਾ-

ਬੂੜੀਆ ਨੇੜੇ ਐਤਵਾਰ ਨੂੰ ਯਮੁਨਾ ਨਹਿਰ ਵਿੱਚ ਡੁੱਬੇ ਪੰਜ ਨੌਜਵਾਨਾਂ ਨੂੰ ਵਿੱਚੋਂ ਤਿੰਨ ਦੀ ਲਾਸ਼ਾਂ ਮਿਲ ਗਈਆਂ। ਐੱਨਡੀਆਰਐੱਫ ਦੀ ਟੀਮ ਨੇ ਬਾਕੀ ਦੋ ਨੌਜਵਾਨਾਂ ਦੀਆਂ ਲਾਸ਼ਾਂ ਲੱਭਣ ਲਈ ਮੋਰਚਾ ਸੰਭਾਲਿਆ ਹੋਇਆ ਹੈ। ਟੀਮ ਨੇ ਗੋਤਾਂਖੋਰਾਂ ਦੀ ਮਦਦ ਨਾਲ ਤਿੰਨ ਨੌਜਵਾਨਾਂ ਦੀਆਂ ਲਾਸ਼ਾਂ ਕੱਢ ਲਈਆਂ ਹਨ। ਅੱਜ ਡੀਐੱਸਪੀ ਪ੍ਰਮੋਦ ਕੁਮਾਰ ਦੀ ਨਿਗਰਾਨੀ ਹੇਠ ਐੱਨਡੀਆਰਐੱਫ ਦੀ ਟੀਮ ਨੇ ਸਰਚ ਅਪਰੇਸ਼ਨ ਚਲਾਇਆ। ਇਸ ਦੌਰਾਨ ਯਮੁਨਾਨਗਰ ਦੇ ਡੀਸੀ ਪਾਰਥ ਗੁਪਤਾ, ਮੇਅਰ ਮਦਨ ਚੌਹਾਨ ਨੇ ਘਟਨਾ ਸਥਾਨ ਦਾ ਦੌਰਾ ਕੀਤਾ ਤੇ ਪੀੜਤ ਪਰਿਵਾਰਾਂ ਨਾਲ ਦੁੱਖ ਦਾ ਇਜ਼ਹਾਰ ਕੀਤਾ। ਪੰਚਕੂਲਾ ਤੋਂ ਆਈ ਟੀਮ ਦੇ ਇੰਚਾਰਜ ਨੇ ਦੱਸਿਆ ਕਿ ਉਨ੍ਹਾਂ ਦੀ 15 ਮੈਂਬਰੀ ਟੀਮ ਨੂੰ ਨਿਖਿਲ, ਸਾਹਿਲ ਅਤੇ ਸੁਲੇਮਾਨ ਦੀਆਂ ਲਾਸ਼ਾਂ ਮਿਲ ਗਈਆਂ ਹਨ।

ਦੂਜੇ ਪਾਸੇ ਡੀਐੱਸਪੀ ਪ੍ਰਮੋਦ ਕੁਮਾਰ ਨੇ ਦੱਸਿਆ ਕਿ ਡੁੱਬੇ ਨੌਜਵਾਨਾਂ ਦੇ ਬਚੇ ਸਾਥੀ ਦੀਪਕ ਦੀ ਸ਼ਿਕਾਇਤ 'ਤੇ ਭਰਤੂ, ਗੌਰਵ, ਮਨੀ ਰਾਣਾ, ਗੌਰਵ ਉਰਫ ਮਹਾਦੇਵ ਪਾਵਾ, ਅਜਰੂਹ, ਲੁੱਕਾ, ਗੌਰਵ, ਸੰਨੀ ਉਰਫ ਹਰਭਜਨ, ਅਮਨ ਰਾਣਾ, ਸੰਦੀਪ ਸਮੇਤ 13 ਦੇ ਖਿਲਾਫ ਕਤਲ ਦਾ ਕੇਸ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ। ਦੀਪਕ ਨੇ ਦੱਸਿਆ ਕਿ ਹਮਲਾਵਰਾਂ ਨੇ ਉਨ੍ਹਾਂ 'ਤੇ ਇੱਟਾਂ, ਪੱਥਰਾਂ ਅਤੇ ਰਾਡਾਂ ਆਦਿ ਨਾਲ ਹਮਲਾ ਅਤੇ ਨਹਿਰ ਵਿੱਚੋਂ ਬਾਹਰ ਨਾ ਨਿਕਲਣ ਦਿੱਤਾ।

# ਵਪਾਰੀ ਕਰਵਾ ਸਕਣਗੇ 250 ਰੁਪਏ 'ਚ 5 ਲੱਖ ਦਾ ਬੀਮਾ: ਬਬਲੂ ਗੋਇਲ

ਜੀਂਦ,
-ਰੋਜ਼ਾਨਾ ਸਵੇਰਾ-



ਜ਼ਿਲ੍ਹਾ ਵਪਾਰੀ ਕਲਿਆਣ ਬੋਰਡ ਦੇ ਨਵ-ਨਿਯੁਕਤ ਜਿਲ੍ਹਾ ਪ੍ਰਧਾਨ ਮਨੀਸ਼ ਉਰਫ ਬਬਲੂ ਗੋਇਲ ਨੇ ਕਿਹਾ ਕਿ ਵਪਾਰੀ ਕਲਿਆਣ ਬੋਰਡ ਜ਼ਿਲ੍ਹੇ ਦੇ ਵਪਾਰੀਆਂ ਦੇ ਹਿੱਤ ਵਿੱਚ ਕੰਮ ਕਰੇਗਾ। ਕਿਸੇ ਵਪਾਰੀ ਦੀ ਹਾਦਸੇ ਵਿੱਚ ਮੌਤ ਜਾਂ ਉਸਦੀ ਦੁਕਾਨ/ਫੈਕਟਰੀ ਆਦਿ ਵਿੱਚ ਕਿਸੇ ਵੀ ਪ੍ਰਕਾਰ ਦੇ ਨੁਕਸਾਨ ਹੋਣ ਦੀ ਸਥਿਤੀ ਵਿੱਚ ਸਬੰਧਿਤ ਵਪਾਰੀ, ਦੁਕਾਨਦਾਰ ਜਾਂ ਫੈਕਟਰੀ ਮਾਲਕ ਵੱਲੋਂ ਮੁਆਵਜ਼ੇ ਦੀ ਅਰਜ਼ੀ ਦੇਣ ਦੇ 10 ਦਿਨਾਂ ਦੇ ਅੰਦਰ-ਅੰਦਰ ਮੁਆਵਜ਼ੇ ਦਾ ਨਿਪਟਾਰਾ ਕਰ ਦਿੱਤਾ ਜਾਵੇਗਾ।

ਇੱਥੇ ਲੋਕ ਨਿਰਮਾਣ ਰੈਸਟ ਹਾਊਸ ਵਿੱਚ ਬਬਲੂ ਗੋਇਲ ਨੇ ਦੱਸਿਆ ਕਿ ਜੀਂਦ ਜ਼ਿਲ੍ਹੇ ਵਿੱਚ ਲਗਭਗ ਇੱਕ ਲੱਖ ਵਪਾਰੀ ਹਨ। ਵਪਾਰੀ, ਦੁਕਾਨਦਾਰ ਅਤੇ ਫੈਕਟਰੀ ਮਾਲਕ 50 ਰੁਪਏ ਵਿੱਚ ਇੱਕ ਲੱਖ ਦਾ, 100 ਰੁਪਏ ਵਿੱਚ ਦੋ ਲੱਖ ਅਤੇ 250 ਰੁਪਏ ਵਿੱਚ 5 ਲੱਖ ਰੁਪਏ ਤੱਕ ਦਾ ਬੀਮਾ ਕਰਵਾ ਸਕਦੇ ਹਨ। ਬੋਰਡ ਦਾ ਯਤਨ ਰਹੇਗਾ ਕਿ ਜੀਂਦ ਜ਼ਿਲ੍ਹੇ ਦੇ ਤਮਾਮ ਦੁਕਾਨਦਾਰਾਂ, ਵਪਾਰੀਆ ਅਤੇ ਫੈਕਟਰੀ ਮਾਲਿਕਾਂ ਦਾ ਇਸ ਯੋਜਨਾ ਦੇ ਤਹਿਤ ਬੀਮਾ ਕਰਵਾਇਆ ਜਾਵੇ। ਨਾਲ ਹੀ ਉਨ੍ਹਾਂ ਨੇ ਦੱਸਿਆ ਕਿ ਵਪਾਰੀਆਂ ਨੂੰ ਹੋਣ ਵਾਲੇ ਨੁਕਸਾਨ ਦੇ ਮੁਆਵਜੇ ਦੇ ਆਵੇਦਨ ਲਈ ਬਹੁਤ ਹੀ ਜਲਦੀ ਪੋਰਟਲ ਲਾਂਚ ਕੀਤਾ ਜਾਵੇਗਾ।

ਬੋਰਡ ਦੇ ਮੈਂਬਰ ਅਨਿਲ ਅਗਰਵਾਲ ਨੇ ਕਿਹਾ ਕਿ ਵਪਾਰੀ ਕਲਿਆਣ ਬੋਰਡ ਦਾ ਗਠਨ ਵਪਾਰੀਆਂ ਦੇ ਹਿੱਤਾਂ ਦੀ ਰੱਖਿਆ ਕਰਨ ਦੀ ਦਿਸ਼ਾ ਵਿੱਚ ਸਰਕਾਰ ਦਾ ਅਹਿਮ ਕਦਮ ਹੈ।

# ਦੋ ਮੁਲਜ਼ਮ ਨਾਜਾਇਜ਼ ਸ਼ਰਾਬ ਸਣੇ ਕਾਬੂ

ਫਰੀਦਾਬਾਦ
-ਰੋਜ਼ਾਨਾ ਸਵੇਰਾ-




ਅਪਰਾਧ ਸ਼ਾਖਾ ਸੈਕਟਰ 56 ਦੀ ਟੀਮ ਨੇ ਨਾਜਾਇਜ਼ ਸ਼ਰਾਬ ਸਪਲਾਈ ਕਰਨ ਵਾਲੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਅਜੀਤ (ਡਰਾਈਵਰ) ਉੱਤਰ ਪ੍ਰਦੇਸ਼ ਦੇ ਫ਼ਰੂਖਾਬਾਦ ਜ਼ਿਲ੍ਹੇ ਦੇ ਪਿੰਡ ਨਕਟਪੁਰ ਦਾ ਅਤੇ ਗਜੇਂਦਰ (ਕੰਡਕਟਰ) ਦਿੱਲੀ ਦੇ ਸਮਾਲਖਾ ਪਿੰਡ ਦਾ ਰਹਿਣ ਵਾਲਾ ਹੈ। ਦੋਵੇਂ ਮੁਲਜ਼ਮ ਪਿਛਲੇ 6/7 ਮਹੀਨਿਆਂ ਤੋਂ ਟਰਾਂਸਪੋਰਟ ਨਗਰ, ਸੈਕਟਰ 56, ਫਰੀਦਾਬਾਦ ਵਿੱਚ ਕੰਮ ਕਰਦੇ ਹਨ। ਮੁਲਜ਼ਮਾਂ ਟਰਾਂਸਪੋਰਟ ਕੰਪਨੀ ਦਾ ਮਾਲ ਫਰੀਦਾਬਾਦ ਤੋਂ ਭਾਰਤ ਦੇ ਲਗਭਗ ਸਾਰੇ ਸੂਬਿਆਂ ਨੂੰ ਸਪਲਾਈ ਕਰਦਾ ਹੈ। ਵੱਧ ਪੈਸੇ ਕਮਾਉਣ ਦੇ ਲਾਲਚ ਵਿੱਚ ਮੁਲਜ਼ਮ ਨਾਜਾਇਜ਼ ਸ਼ਰਾਬ ਦੀਆਂ ਬੋਤਲਾਂ ਟਰੱਕ ਵਿੱਚ ਭਰ ਕੇ ਬਿਹਾਰ ਲੈ ਜਾ ਰਹੇ ਸਨ। ਮੁਖਬਰ ਖਾਸ ਦੀ ਇਤਲਾਹ 'ਤੇ ਮੁਲਜ਼ਮਾਂ ਨੂੰ ਬੱਲਭਗੜ੍ਹ ਦੇ ਪਿੰਡ ਖੰਡਾਵਾਲੀ ਨੇੜਿਓਂ ਕਾਬੂ ਕੀਤਾ ਗਿਆ। ਟਰੱਕ ਦੀ ਤਲਾਸ਼ੀ ਲੈਣ 'ਤੇ ਮੁਲਜ਼ਮਾਂ ਕੋਲੋਂ 2640 ਬੋਤਲਾਂ ਸ਼ਰਾਬ ਦੀਆਂ ਬਰਾਮਦ ਹੋਈਆਂ। ਜਿਸ ਦੀ ਕੀਮਤ ਕਰੀਬ 3,30,000 ਰੁਪਏ ਹੈ। ਮੁਲਜ਼ਮਾਂ ਖ਼ਿਲਾਫ਼ ਪੁਲੀਸ ਥਾਣਾ ਸੈਕਟਰ-58 ਵਿੱਚ ਨਾਜਾਇਜ਼ ਸ਼ਰਾਬ ਤਸਕਰੀ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ।

# ਅੰਤਰਰਾਜੀ ਮੋਟਰਸਾਈਕਲ ਚੋਰ ਗਰੋਹ ਦਾ ਪਰਦਾਫਾਸ਼

ਅੰਬਾਲਾ, -ਜਗਦੀਪ ਸਿੰਘ-
-ਰੋਜ਼ਾਨਾ ਸਵੇਰਾ-



ਪੁਲੀਸ ਨੇ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਕੇ ਅੰਤਰਰਾਜੀ ਮੋਟਰਸਾਈਕਲ ਚੋਰ ਗਰੋਹ ਦਾ ਪਰਦਾਫਾਸ਼ ਕੀਤਾ ਹੈ। ਪੁਲੀਸ ਦੇ ਐਂਟੀ-ਵਹੀਕਲ ਥੈਫਟ ਸੈੱਲ ਨੇ ਸੂਚਨਾ ਦੇ ਆਧਾਰ 'ਤੇ 11 ਮਈ ਨੂੰ ਸਬ ਇੰਸਪੈਕਟਰ ਖ਼ੁਸ਼ੀ ਰਾਮ ਦੀ ਅਗਵਾਈ ਹੇਠ ਅੰਬਾਲਾ ਸ਼ਹਿਰ ਦੇ ਪੁਰਾਣੇ ਹਸਪਤਾਲ ਲਾਗਿਓਂ ਮੁਲਜ਼ਮ ਠਾਕਰ ਕਪੂਰ ਅਤੇ ਗੁਰਪ੍ਰੀਤ ਸਿੰਘ ਗੁਰੀ ਨੂੰ ਸਭ ਤੋਂ ਮਹਿੰਗੇ ਮੋਟਰਸਾਈਕਲ ਕੇਟੀਐੱਮ ਸਮੇਤ ਗ੍ਰਿਫ਼ਤਾਰ ਕਰ ਕੇ ਥਾਣਾ ਅੰਬਾਲਾ ਸ਼ਹਿਰ ਵਿੱਚ ਕੇਸ ਦਰਜ ਕੀਤਾ ਹੈ।

ਮੁਲਜ਼ਮਾਂ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਮਹਿੰਗਾ ਮੋਟਰਸਾਈਕਲ ਮੁਹਾਲੀ ਤੋਂ ਚੋਰੀ ਕੀਤਾ ਸੀ। ਉਨ੍ਹਾਂ ਪੰਜੋਖਰਾ ਥਾਣੇ ਵਿੱਚ ਦਰਜ ਮੋਟਰਸਾਈਕਲ ਚੋਰੀ ਦਾ ਮਾਮਲਾ ਵੀ ਕਬੂਲ ਕੀਤਾ ਹੈ।

ਅਦਾਲਤ ਨੇ ਦੋਵਾਂ ਦਾ ਦੋ ਦਿਨਾ ਰਿਮਾਂਡ ਮਨਜ਼ੂਰ ਕੀਤਾ ਅਤੇ ਉਨ੍ਹਾਂ ਨੂੰ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਗਿਆ ਹੈ। ਐੱਸਪੀ ਅੰਬਾਲਾ ਜਸ਼ਨਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਮੁਲਜ਼ਮ ਲਾਲੜੂ, ਡੇਰਾਬੱਸੀ, ਮੁਹਾਲੀ, ਹੰਡੇਸਰਾ ਅਤੇ ਅੰਬਾਲਾ ਖੇਤਰ ਵਿੱਚੋਂ ਮੋਟਰਸਾਈਕਲ ਚੋਰੀ ਕਰ ਕੇ ਨਾਲ ਲੱਗਦੇ ਪਿੰਡਾਂ ਖਤੌਲੀ ਅਤੇ ਮੰਡੌਰ ਵਿੱਚ ਆਪਣੇ ਜਾਣਕਾਰਾਂ ਦੇ ਘਰਾਂ ਕੋਲ ਇਹ ਕਹਿ ਕੇ ਖੜ੍ਹੇ ਕਰ ਦਿੰਦੇ ਸਨ ਕਿ ਉਹ ਇਹ ਮੋਟਰਸਾਈਕਲ ਵੇਚਣ ਲਈ ਖ਼ਰੀਦ ਕੇ ਲਿਆਏ ਹਨ। ਉਨ੍ਹਾਂ ਦੱਸਿਆ ਕਿ ਪੁੱਛ-ਗਿੱਛ ਦੌਰਾਨ ਮੁਲਜ਼ਮਾਂ ਨੇ ਦੱਸਿਆ ਕਿ ਜਿਸ ਮੋਟਰਸਾਈਕਲ ਨੂੰ ਉਨ੍ਹਾਂ ਦੀ ਚਾਬੀ ਲੱਗ ਜਾਂਦੀ ਸੀ, ਉਹ ਉਸੇ ਨੂੰ ਚੋਰੀ ਕਰ ਲੈਂਦੇ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਚੋਰੀ ਕੀਤੇ 4-5 ਮੋਟਰਸਾਈਕਲ ਕਿਸੇ ਹੋਰ ਨੇ ਅੱਗੇ ਚੋਰੀ ਕਰ ਲਏ ਹਨ। ਐੱਸਪੀ ਨੇ ਦੱਸਿਆ ਕਿ ਮੁਲਜ਼ਮਾਂ ਨੇ ਚੋਰੀ ਦੀਆਂ 28 ਵਾਰਦਾਤਾਂ ਨੂੰ ਅੰਜਾਮ ਦੇਣਾ ਕਬੂਲ ਕੀਤਾ ਹੈ ਜਿਨ੍ਹਾਂ ਵਿੱਚੋਂ 22 ਮੋਟਰ ਸਾਈਕਲ ਬਰਾਮਦ ਕਰ ਲਏ ਗਏ ਹਨ। ਮੁਲਜ਼ਮਾਂ ਨੂੰ ਪ੍ਰੋਡਕਸ਼ਨ ਵਾਰੰਟ ਤੇ ਗ੍ਰਿਫ਼ਤਾਰ ਕਰਕੇ ਹੋਰ ਮੋਟਰਸਾਈਕਲ ਵੀ ਬਰਾਮਦ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਅੰਬਾਲਾ ਅਤੇ ਪੰਜੋਖਰਾ ਦੇ ਥਾਣਿਆਂ ਵਿੱਚ ਦਰਜ ਮੋਟਰਸਾਈਕਲ ਚੋਰੀ ਦੇ 9 ਮਾਮਲੇ ਸੁਲਝਾ ਲਏ ਗਏ ਹਨ। ਬਰਾਮਦ ਕੀਤੇ ਗਏ ਮੋਟਰਸਾਈਕਲਾਂ ਵਿੱਚ 5 ਕਰੀਬ 1 ਲੱਖ 80 ਹਜ਼ਾਰ ਰੁਪਏ ਮੁੱਲ ਵਾਲੇ ਹਨ ਜਿਨ੍ਹਾਂ ਵਿੱਚੋਂ 2 ਬੁਲੇਟ, 2 ਪਲਸਰ ਅਤੇ ਇੱਕ ਕੇਟੀਐੱਮ ਮੋਟਰਸਾਈਕਲ ਹੈ ਜਦਕਿ ਬਾਕੀ 17 ਮੋਟਰਸਾਈਕਲ ਵੀ 70-80 ਹਜ਼ਾਰ ਰੁਪਏ ਦੀ ਕੀਮਤ ਵਾਲੇ ਹਨ ਜਦਕਿ ਅਜੇ 6 ਹੋਰ ਮੋਟਰਸਾਈਕਲ ਬਰਾਮਦ ਕਰਨੇ ਬਾਕੀ ਹਨ।

# ਹਰਪਾਲ ਚੀਕਾ ਨੇ ਭਾਜਪਾ ਆਗੂਆਂ ਦੀਆਂ ਮੁਸ਼ਕਲਾਂ ਸੁਣੀਆਂ



ਫਰੀਦਾਬਾਦ
-ਰੋਜ਼ਾਨਾ ਸਵੇਰਾ-

ਹਰਿਆਣਾ ਸ਼ੂਗਰ ਫੈਡਰੇਸ਼ਨ ਦੇ ਸਾਬਕਾ ਚੇਅਰਮੈਨ ਤੇ ਭਾਜਪਾ ਕਿਸਾਨ ਮੋਰਚੇ ਦੇ ਆਗੂ ਹਰਪਾਲ ਸਿੰਘ ਚੀਕਾ ਵੱਲੋਂ ਫਰੀਦਾਬਾਦ, ਨੂੰਹ ਜ਼ਿਲ੍ਹਿਆਂ ਦਾ ਦੌਰਾ ਕਰਕੇ ਪਿੰਡਾਂ ਦੇ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਗਿਆ। ਉਨ੍ਹਾਂ ਦਾ ਸਵਾਗਤ ਫਰੀਦਾਬਾਦ ਜ਼ਿਲ੍ਹਾ ਭਾਜਪਾ ਕਿਸਾਨ ਮੋਰਚਾ ਪ੍ਰਧਾਨ ਸੁਖਬੀਰ ਮਲੇਰਨਾ ਸਮੇਤ ਇਲਾਕੇ ਦੇ ਸਿੱਖ ਆਗੂਆਂ ਵੱਲੋਂ ਕੀਤਾ ਗਿਆ। ਸਥਾਨਕ ਸਿੱਖ ਆਗੂਆਂ ਸੁਖਦੇਵ ਸਿੰਘ ਖ਼ਾਲਸਾ, ਜਸਵੰਤ ਸਿੰਘ, ਕੁਲਦੀਪ ਸਿੰਘ ਸਾਹਨੀ ਸਮੇਤ ਹੋਰ ਪਤਵੰਤਿਆਂ ਨੇ ਸ੍ਰੀ ਚੀਕਾ ਦਾ ਸਵਾਗਤ ਸੈਕਟਰ-16 ਵਿਖੇ ਕੀਤਾ। ਕਿਸਾਨ ਆਗੂ ਨੇ ਕਿਹਾ ਕਿ ਇਸ ਦੌਰੇ ਦੌਰਾਨ ਉਨ੍ਹਾਂ ਕੇਂਦਰ ਤੇ ਹਰਿਆਣਾ ਸਰਕਾਰ ਦੀਆਂ ਨੀਤੀਆਂ ਬਾਰੇ ਲੋਕਾਂ ਨੂੰ ਦੱਸਿਆ ਤੇ ਨੌਜਵਾਨ ਪਨੀਰੀ ਦੇ ਮੁੱਦੇ ਛੂਹੇ। ਉਨ੍ਹਾਂ ਪੰਚਾਇਤ ਝੁੱਗੀ ਗੁਰਦੁਆਰੇ ਮੱਥਾ ਟੇਕਿਆ। ਉਹ ਬੱਲਭਗੜ੍ਹ, ਐਨਆਈਟੀ ਤੇ ਪੁਰਾਣਾ ਫਰੀਦਾਬਾਦ ਵਿਧਾਨ ਸਭਾ ਸਮੇਤ ਸਾਰੇ 6 ਵਿਧਾਨ ਸਭਾ ਹਲਕਿਆਂ ਦੇ ਸਿੱਖ ਆਗੂਆਂ ਨੂੰ ਮਿਲੇ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਸ੍ਰੀ ਚੀਕਾ ਨੇ ਫਰੀਦਾਬਾਦ ਦੇ ਦੋ ਖ਼ਾਲਸਾ ਸਕੂਲਾਂ ਨੂੰ ਗਰਾਂਟਾਂ ਦਿਵਾਉਣ ਵਿੱਚ ਪੰਜਾਬੀ ਸੱਭਿਆਚਾਰਕ ਸੱਥ ਦੇ ਆਗੂ ਮੰਗਲ ਸਿੰਘ ਔਜਲਾ ਨਾਲ ਮਿਲ ਕੇ ਭੂਮਿਕਾ ਨਿਭਾਈ ਸੀ।

# ਮੰਤਰੀ ਵੱਲੋਂ ਬਾਲ ਵਿਕਾਸ ਯੋਜਨਾ ਅਧਿਕਾਰੀ ਦੇ ਦਫ਼ਤਰ 'ਤੇ ਛਾਪਾ



ਰਤੀਆ,
-ਰੋਜ਼ਾਨਾ ਸਵੇਰਾ-

ਸੂਬੇ ਦੀ ਮਹਿਲਾ ਤੇ ਬਾਲ ਵਿਕਾਸ ਰਾਜ ਮੰਤਰੀ ਕਮਲੇਸ਼ ਢਾਂਡਾ ਨੇ ਅੱਜ ਰਤੀਆ ਦੇ ਮਹਿਲਾ ਅਤੇ ਬਾਲ ਵਿਕਾਸ ਯੋਜਨਾ ਅਧਿਕਾਰੀ ਦਫ਼ਤਰ ਦਾ ਅਚਾਨਕ ਨਿਰੀਖਣ ਕੀਤਾ। ਜਾਣਕਾਰੀ ਅਨੁਸਾਰ ਮਹਿਲਾ ਅਤੇ ਬਾਲ ਵਿਕਾਸ ਮੰਤਰੀ ਕਮਲੇਸ਼ ਢਾਂਡਾ ਅੱਜ ਆਪਣੇ ਦੌਰੇ ਦੌਰਾਨ ਰਤੀਆ ਸ਼ਹਿਰ ਦੇ ਕਈ ਵਾਰਡਾਂ ਵਿਚ ਪ੍ਰੋਗਰਾਮ ਕਰ ਰਹ ਸਨ। ਮੰਤਰੀ ਦੇ ਇਸ ਪ੍ਰੋਗਰਾਮ ਦੌਰਾਨ ਉਨ੍ਹਾਂ ਨਾਲ ਵਿਭਾਗ ਦਾ ਕੋਈ ਵੀ ਅਧਿਕਾਰੀ ਅਤੇ ਕਰਮਚਾਰੀ ਉਨ੍ਹਾਂ ਨਾਲ ਨਹੀਂ ਸੀ। ਦੁਪਹਿਰ ਬਾਅਦ ਉਨ੍ਹਾਂ ਰਤੀਆ ਦੇ ਟੋਹਾਣਾ ਰੋਡ ਤੇ ਮਹਿਲਾ ਅਤੇ ਵਿਕਾਸ ਵਿਭਾਗ ਦੇ ਦਫ਼ਤਰ ਵਿੱਚ ਅਚਾਨਕ ਛਾਪਾ ਮਾਰਿਆ ਤਾਂ ਉਥੇ ਵਿਭਾਗ ਦੀ ਇਕ ਔਰਤ ਕਰਮਚਾਰੀ ਹਾਜ਼ਰ ਸੀ ਅਤੇ ਮੰਤਰੀ ਨੇ ਉਸ ਤੋਂ ਹਾਜ਼ਰੀ ਰਜਿਸਟਰ ਮੰਗ ਲਿਆ। ਰਜਿਸਟਰ ਵਿਚ ਕਈ ਕਰਮਚਾਰੀਆਂ ਦੀ ਹਾਜ਼ਰੀ ਲੱਗੀ ਹੋਈ ਸੀ ਪਰ ਉਹ ਮੌਕੇ ਤੇ ਮੌਜੂਦ ਨਹੀਂ ਸਨ। ਜਦੋਂ ਮੰਤਰੀ ਨੇ ਦਫ਼ਤਰ ਵਿਚ ਪਏ ਫੋਰਟੀਫਾਈਡ ਦੁੱਧ ਅਤੇ ਰਾਸ਼ਨ ਦਾ ਰਿਕਾਰਡ ਦੇਖਿਆ ਤਾਂ ਉਨ੍ਹਾਂ ਨੂੰ ਕਾਫ਼ੀ ਬੇਨਿਯਮੀ ਦਿਖਾਈ ਦਿੱਤੀ। ਇਹ ਦੱਸਿਆ ਗਿਆ ਹੈ ਕਿ ਜਦੋਂ ਮੰਤਰੀ ਨੇ ਸੀ.ਡੀ.ਪੀ.ਓ ਨੂੰ ਫੋਨ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਉਹ ਸਿਹਤ ਕਾਰਨਾਂ ਕਰਕੇ ਛੁੱਟੀ 'ਤੇ ਹੈ।

ਜਿਸ ਤੋਂ ਬਾਅਦ ਮੰਤਰੀ ਨੇ ਵਿਭਾਗ ਦੀ ਜ਼ਿਲਾ ਪ੍ਰੋਗਰਾਮ ਅਧਿਕਾਰੀ ਨੂੰ ਫੋਨ ਕਰ ਦਿੱਤਾ। ਸੂਚਨਾ ਮਿਲਦੇ ਹੀ ਜ਼ਿਲ੍ਹਾ ਪ੍ਰੋਗਰਾਮ ਅਧਿਕਾਰੀ ਸੀਮਾ ਰੋਹਿਲਾ ਤੁਰੰਤ ਰਤੀਆ ਦਫ਼ਤਰ ਵਿੱਚ ਪਹੁੰਚ ਗਈ। ਜਿਸ 'ਤੇ ਮੰਤਰੀ ਕਮਲੇਸ਼ ਢਾਂਡਾ ਨੇ ਡਿਊਟੀ ਤੋਂ ਗਾਇਬ ਪਾਏ ਜਾਣ ਵਾਲੇ ਕਰਮਚਾਰੀਆਂ ਅਤੇ ਰਾਸ਼ਨ ਸਪਲਾਈ ਅਤੇ ਦੁੱਧ ਵੰਡ ਵਿਚ ਅਨਿਯਮਤਾਵਾਂ ਪਾਏ ਜਾਣ ਤੇ ਅਧਿਕਾਰੀਆਂ ਅਤੇ ਕਰਮਚਾਰੀਆਂ ਤੇ ਤੁਰੰਤ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

# ਮ੍ਰਿਤਕਾ ਦੇ ਸਹੁਰਾ ਪਰਿਵਾਰ ਦੀ ਗ੍ਰਿਫ਼ਤਾਰੀ ਲਈ ਥਾਣਾ ਘੇਰਿਆ

ਡੱਬਵਾਲੀ
-ਰੋਜ਼ਾਨਾ ਸਵੇਰਾ-

ਬੀਤੇ ਕੱਲ ਸ਼ੱਕੀ ਹਾਲਾਤਾਂ 'ਚ ਮੌਤ ਦਾ ਸ਼ਿਕਾਰ ਬਣੀ ਵਿਆਹੁਤਾ ਔਰਤ ਆਰਤੀ ਦੇ ਮਾਪਿਆਂ ਤੇ ਰਿਸ਼ਤੇਦਾਰਾਂ ਨੇ ਅੱਜ ਸਿਟੀ ਥਾਣਾ ਘੇਰ ਕੇ ਹਾਈਵੇਅ 'ਤੇ ਧਰਨਾ ਦੇ ਕੇ ਰੋਸ ਜਤਾਇਆ। ਸੌ ਡੇਢ-ਸੌ ਮਰਦ-ਔਰਤ ਮੁਜਾਹਰਾਕਾਰੀ, ਮੁਕੱਦਮੇ 'ਚ ਨਾਮਜ਼ਦ ਸਹੁਰਾ ਪਰਿਵਾਰ ਦੇ ਮੈਂਬਰਾਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕਰ ਰਹੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਸਹੁਰਾ ਪਰਿਵਾਰਾਂ ਨੇ ਦਾਜ ਲਈ ਉਨ੍ਹਾਂ ਦੀ ਲੜਕੀ ਦੀ ਹੱਤਿਆ ਕੀਤੀ ਹੈ ਤੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਤੱਕ ਉਹ ਮ੍ਰਿਤਕਾ ਦਾ ਪੋਸਟਮਾਰਟਮ ਨਹੀਂ ਕਰਵਾਉਣਗੇ।

ਧਰਨੇ ਦੀ ਸੂਚਨਾ ਮਿਲਣ 'ਤੇ ਡੀ.ਐੱਸ.ਪੀ. ਕੁਲਦੀਪ ਬੈਨੀਵਾਲ ਵੀ ਥਾਣੇ ਪੁੱਜ ਗਏ। ਧਰਨੇ ਕਾਰਨ ਕਾਫ਼ੀ ਗਿਣਤੀ ਪੁਲੀਸ ਅਮਲਾ ਥਾਣੇ 'ਚ ਤਾਇਨਾਤ ਸੀ। ਡੀਐੱਸਪੀ ਤੇ ਥਾਣਾ ਮੁਖੀ ਨਾਲ ਮ੍ਰਿਤਕਾ ਦੇ ਰਿਸ਼ਤੇਦਾਰਾਂ ਦੀ ਕਾਫ਼ੀ ਲੰਮੀ ਗੱਲਬਾਤ ਤੇ ਧਰਨਾ ਬਰਾਬਰ ਚੱਲਦਾ ਰਿਹਾ। ਮ੍ਰਿਤਕਾ ਆਰਤੀ ਦੇ ਪਿਤਾ ਮੰਗਤ ਰਾਏ ਤੇ ਲੜਕੀ ਦੇ ਮਾਮਾ ਸਤੀਸ਼ ਕੁਮਾਰ ਰਾਮਾ ਮੰਡੀ ਨੇ ਦੱਸਿਆ ਕਿ ਉਨ੍ਹਾਂ ਦੀ ਭਾਣਜੀ ਆਰਤੀ ਦੇ ਸਰੀਰ 'ਤੇ ਮਾਰ-ਕੁੱਟ ਦੇ ਨਿਸ਼ਾਨ ਸਨ। ਉਨ੍ਹਾਂ ਦੋਸ਼ ਲਾਇਆ ਕਿ ਸਹੁਰਾ ਪਰਿਵਾਰ ਨੇ ਕਥਿਤ ਤੌਰ 'ਤੇ ਆਰਤੀ ਨੂੰ ਪਹਿਲਾਂ ਜ਼ਹਿਰ ਖੁਆਇਆ ਤੇ ਹੱਤਿਆ ਨੂੰ ਆਤਮਹੱਤਿਆ ਦਰਸਾਉਣ ਲਈ ਪੱਖੇ 'ਤੇ ਲਟਕਾ ਦਿੱਤਾ। ਪੁਲੀਸ ਨੇ ਵਾਰਸਾਂ ਨੂੰ ਭਰੋਸਾ ਦਿਵਾਇਆ ਕਿ ਪਤੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤੇ ਬਾਕੀਆਂ ਦੀ ਭਾਲ ਜਾਰੀ ਹੈ।

# ਔਰਤ ਤੋਂ ਪਰਸ ਖੋਹ ਕੇ ਫਰਾਰ

ਸ਼ਾਹਬਾਦ ਮਾਰਕੰਡਾ -ਰੋਜ਼ਾਨਾ ਸਵੇਰਾ-

ਇੱਥੇ ਦੋ ਝਪਟਮਾਰ ਇੱਕ ਮਹਿਲਾ ਦਾ ਪਰਸ ਖੋਹ ਕੇ ਫਰਾਰ ਹੋ ਗਿਆ। ਸ਼ਾਹਬਾਦ ਪੁਲੀਸ ਨੂੰ ਸ਼ਿਕਾਇਤ ਵਿੱਚ ਮਹਿਲਾ ਨੇ ਦੱਸਿਆ ਕਿ ਉਹ ਦੁਪਿਹਰ ਵੇਲੇ ਸਚਦੇਵਾ ਮੈਡੀਕਲ ਸਟੋਰ ਤੋਂ ਦਵਾਈ ਲੈਣ ਗਈ ਸੀ। ਜਦ ਉਹ ਦਵਾਈ ਲੈ ਕੇ ਵਾਪਸ ਆ ਰਹੀ ਸੀ ਤਾਂ ਮੋਟਰ ਸਾਈਕਲ ਤੇ ਸਵਾਰ ਦੋ ਅਣਪਛਾਤੇ ਲੜਕੇ ਆਏ ਤੇ ਉਸ ਦੇ ਹੱਥ ਚ ਪਰਸ ਖੋਹ ਕੇ ਫਰਾਰ ਹੋ ਗਏ। ਉਸ ਦੇ ਪਰਸ ਵਿਚ 4,500 ਰੁਪਏ, ਮੋਬਾਈਲ ਫੋਨ ਤੇ ਇਕ ਚਾਂਦੀ ਦੀ ਅੰਗੂਠੀ ਸੀ। ਪੁਲੀਸ ਨੇ ਸ਼ਿਕਾਇਤ ਦੇ ਆਧਾਰ 'ਤੇ ਕੇਸ ਦਰਜ ਕਰ ਲਿਆ ਹੈ।

# ਸੜਕ ਹਾਦਸੇ 'ਚ ਮੌਤ

ਸਿਰਸਾ, -ਰੋਜ਼ਾਨਾ ਸਵੇਰਾ-

ਇਥੇ ਪੁਰਾਣੀ ਹਾਊਸਿੰਗ ਬੋਰਡ ਕਾਲੋਨੀ ਨੇੜੇ ਵਾਪਰੇ ਸੜਕ ਹਾਦਸੇ 'ਚ ਇਕ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਸੁਰਿੰਦਰ ਪਾਂਡੇ ਵਜੋਂ ਕੀਤੀ ਗਈ ਹੈ। ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਦੇ ਬਿਆਨਾਂ 'ਤੇ ਕੇਸ ਦਰਜ ਕਰਕੇ ਪੁਲੀਸ ਨੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕਾਮਿਆਂ ਦੀਆਂ ਤੈਅ ਸ਼ੁਦਾ ਤਨਖਾਹਾਂ ਦੀ ਅਦਾਇਗੀ 'ਤੇ ਰੋਕ ਲਗਾਉਣ ਅਤੇ ਬਲੱਡ ਰਿਲੈਸ਼ਨ ਕਾਮਿਆਂ ਨੂੰ ਕੱਢਣ ਦੇ ਜਾਰੀ ਪੱਤਰ ਦੇ ਵਿਰੋਧ 'ਚ ਕੀਤਾ ਅਰਥੀ ਫੂਕ ਪ੍ਰਦਰਸ਼ਨ

ਭਵਾਨੀਗੜ੍ਹ,
-ਰੋਜ਼ਾਨਾ ਸਵੇਰਾ-

ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਅੱਜ ਸਮਾਣਾ ਵਿਖੇ ਜਲ ਸਪਲਾਈ ਦੇ ਕਾਮਿਆਂ ਵਲੋਂ ਪੰਜਾਬ ਸਰਕਾਰ ਅਤੇ ਵਿਭਾਗੀ ਮੁਖੀ ਜਸਸ ਵਿਭਾਗ ਦਾ ਪੂਤਲਾ ਫੂਕ ਕੇ ਰੋਸ਼ ਪ੍ਰਦਰਸ਼ਨ ਕੀਤਾ ਗਿਆ ਅਤੇ ਜੰਮ ਕੇ ਨਾਅਰੇਬਾਜੀ ਕੀਤੀ ਗਈ। ਇਸ ਮੌਕੇ ਜਿਲ੍ਹਾ ਪਟਿਆਲਾ ਬ੍ਰਾਂਚ ਸਮਾਣਾ ਦੇ ਪ੍ਰਧਾਨ ਬਲਕਾਰ ਸਿੰਘ ਕਕਰਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਵਿਭਾਗੀ ਮੁਖੀ, ਜਸਸ ਵਿਭਾਗ ਵੱਲੋਂ ਬੀਤੇ ਦਿਨੀ ਵੀਡਿਓ ਕਾਨਫਰੰਸ ਰਾਹੀਂ ਕਾਰਜਕਾਰੀ ਇੰਜੀਨੀਅਰਾਂ ਨਾਲ ਮੀਟਿੰਗ ਕਰਕੇ ਇਨਲਿਸਟਮੈਂਟ, ਆਊਟਸੋਰਸ, ਠੇਕੇਦਾਰਾਂ,ਕੰਪਨੀ ਆਦਿ ਰਾਹੀ ਕੰਮ ਕਰਦੇ ਕਾਮਿਆਂ ਨੂੰ ਪਹਿਲਾਂ ਤੋਂ ਮਿਲਦੀਆਂ ਤੈਅ ਸ਼ੁਦਾ ਤਨਖਾਹਾਂ ਨੂੰ ਰੋਕਣ ਦੇ ਆਦੇਸ਼ ਜੁਬਾਨੀ ਦੇ ਦਿੱਤੇ ਗਏ ਹਨ, ਜਿਸਦੇ ਕਾਰਨ ਕਾਮਿਆਂ ਨੂੰ ਤਨਖਾਹਾਂ ਨਹੀਂ ਮਿਲਣ ਕਾਰਨ ਘਰਾਂ ਦੇ ਖਰਚੇ ਚੱਲਣੇ ਔਖੇ ਹੋ ਗਏ ਹਨ। ਇਸਦੇ ਨਾਲ ਹੀ ਵਿਭਾਗੀ ਮੁਖੀ ਵਲੋਂ ਹੇਠਲੇ ਅਧਿਕਾਰੀਆਂ ਨੂੰ ਇਕ ਹੋਰ ਪੱਤਰ ਜਾਰੀ ਕੀਤਾ ਹੈ ਕਿ ਇਸ ਵੇਲੇ ਕੰਮ ਕਰ ਰਹੇ ਜਾਂ ਰਿਟਾਇਰ ਹੋ ਚੁੱਕੇ ਕੁਝ ਜਿੰਮੇਵਾਰ ਅਧਿਕਾਰੀਆਂ ਅਤੇ ਕਰਮਚਾਰੀਆਂ ਵਲੋਂ ਆਪਣੇ ਨਜਦੀਕੀਆਂ (ਧੀਆਂ, ਪੁੱਤਰਾਂ, ਭਤੀਜੇ-ਭਤੀਜਆਂ, ਇਤਿਆਦਿ) ਵਿਚੋਂ ਤਕਰੀਬਨ 4000 ਦੇ ਲਗਭਗ ਠੇਕੇਦਾਰ ਬਣਾ ਕੇ ਉਨ੍ਹਾਂ ਨੂੰ ਹਰ ਮਹੀਨੇ 25-30 ਹਜਾਰ ਰੁਪਏ ਦਿੱਤੇ ਜਾ ਰਹੇ ਹਨ ਜੋਕਿ ਇਹ ਪੱਤਰ ਬਿਲਕੁਲ ਝੂਠਾ ਹੈ ਕਿਉਕਿ ਇਨ੍ਹਾਂ ਵਰਕਰਾਂ ਵਿਚ ਨਾਂ ਤਾਂ ਕੋਈ ਰਿਸ਼ਤੇਦਾਰ ਹੈ ਅਤੇ ਨਾ ਹੀ 25-30 ਹਜਾਰ ਰੁਪਏ ਪ੍ਰਤੀ ਮਹੀਨਾ ਤਨਖਾਹ



ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਤੱਕ ਸਹੂਲਤਾਂ ਪਹੁੰਚਾਉਣ ਲਈ ਪੰਜਾਬ ਸਰਕਾਰ ਦੇ ਅਧਿਕਾਰੀਆਂ ਵਲੋਂ ਸਾਨੂੰ ਪਹਿਲਾਂ ਠੇਕੇਦਾਰਾਂ ਅਧੀਨ ਬਤੌਰ ਆਊਟਸੋਰਸ ਮੁਲਾਜਮ ਨਿਗੁਣੀਆਂ ਤਨਖਾਹਾਂ ਤੇ ਭਰਤੀ ਕੀਤਾ ਗਿਆ ਸੀ। ਯੂਨੀਅਨ ਵਲੋਂ ਇਨ੍ਹਾਂ ਕਾਮਿਆਂ ਨੂੰ ਤਜਰਬੇ ਦੇ ਅਧਾਰ 'ਤੇ ਰੈਗੂਲਰ ਹੋਣ ਦੀ ਮੰਗ ਕਰਨੀ ਸ਼ੁਰੂ ਕੀਤੀ ਜੋਕਿ ਸਾਡਾ ਹੱਕ ਹੈ। ਪਰ ਵਿਭਾਗ ਵਲੋਂ ਸਾਡੀ ਨਿੱਜੀ ਮੰਗ ਦਾ ਹੱਲ ਕਰਨ ਦੀ ਬਜਾਏ ਸਾਨੂੰ ਧੱਕੇ ਨਾਲ ਇਨਲਿਸਟਮੈਂਟ 'ਚ ਤਬਦੀਲ ਦਿੱਤਾ ਗਿਆ। ਜਦਕਿ ਸਾਡੀ ਜੱਥੇਬੰਦੀ ਪੰਜਾਬ ਸਰਕਾਰ ਅਤੇ ਵਿਭਾਗ ਤੋਂ ਮੰਗ ਕਰ ਰਹੀ ਹੈ ਕਿ ਇਨਲਿਸਟਮੈਂਟ ਦੇ ਘੇਰੇ ਤੋਂ ਬਾਹਰ ਰੱਖ ਕੇ ਸਾਡੇ ਨਾਲ ਬਤੌਰ ਕਾਮਿਆ ਵਾਲਾ ਵਿਹਾਰ ਕੀਤਾ ਜਾਵੇ। ਅੱਜ ਵੀ ਸਾਡੇ ਸੰਘਰਸ਼ ਦੀ ਇਹ ਪ੍ਰਮੁੱਖ ਮੰਗ ਹੈ। ਇਸ ਤਰ੍ਹਾਂ ਇਨਲਿਸਟਮੈਂਟ ਦੇ ਘੇਰੇ 'ਚ ਸਾਨੂੰ, ਸਾਡੇ ਨਾਲ ਸਮੇਂ ਦੇ ਅਧਿਕਾਰੀਆਂ ਦੀਆਂ ਨਜਦੀਕੀ ਰਿਸ਼ਤੇਦਾਰੀਆਂ ਕਰਕੇ ਨਹੀਂ ਲਿਆਂਦਾ ਗਿਆ, ਸਗੋ ਇਹ ਕੰਮ ਸਾਨੂੰ ਰੈਗੂਲਰ ਕਰਨ ਦੇ ਘੇਰੇ ਤੋਂ ਬਾਹਰ ਕਰਨ ਦੀ ਸਰਕਾਰ ਅਤੇ ਮਹਿਕਮੇ ਦੀ ਲੋੜ ਵਿਚੋਂ ਕੀਤਾ ਗਿਆ। ਸੋ ਸਾਡੀ ਮੰਗ ਮੁਤਾਬਿਕ ਵਿਭਾਗ ਵਲੋਂ ਇਕ ਪੜਤਾਲੀਆਂ ਕਮੇਟੀ ਵੀ ਬਣਾਈ ਗਈ, ਜਿਸਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਇਹ ਪੰਪ ਉਪਰੇਟਰ ਠੇਕੇਦਾਰ ਨਹੀਂ ਹਨ। ਜਦਕਿ ਇਕ ਵਰਕਰ ਦੇ ਰੂਪ ਵਿਚ ਇਨ੍ਹਾਂ ਪਾਸੋ 4 ਤੋਂ 5 ਪੋਸਟਾਂ ਦਾ ਕੰਮ ਲਿਆ ਜਾਂਦਾ ਹੈ। ਜਿਸ ਤਹਿਤ ਜਥੇਬੰਦੀ ਵਲੋਂ ਮੁੱਖ ਇੰਜੀਨੀਅਰ, ਜਸਸ ਵਿਭਾਗ, ਪਟਿਆਲਾ ਦੇ ਪੱਤਰ ਨੰਬਰ ਜਸਸ/ਅਨਗ(7) 39 ਮਿਤੀ 11-01-2018 ਰਾਹੀ ਤਿਆਰ ਕੀਤੀ ਹੋਈ ਪ੍ਰਪੋਜਲ ਨੂੰ ਲਾਗੂ ਕਰਕੇ ਇਨ੍ਹਾਂ ਕਾਮਿਆਂ ਨੂੰ ਵਿਭਾਗ ਵਿਚ ਮਰਜ ਕਰਕੇ ਰੈਗੂਲਰ ਕਰਨ ਦੀ ਮੰਗ ਕੀਤੀ ਜਾ ਰਹੀ ਹੈ ਅਤੇ ਪਿਛਲੀ ਸਰਕਾਰ ਦੇ ਦੌਰਾਨ ਵਿਭਾਗ ਦੀ ਕੈਬਨਿਟ ਮੰਤਰੀ ਦੇ ਆਦੇਸ਼ ਤਹਿਤ ਜਸਸ ਵਿਭਾਗ ਦੇ ਪੱਤਰ ਨੰਬਰ 62984/2021/674 ਮਿਤੀ 17-08-2021 ਨੂੰ ਗਰੁੱਪ ਆਫ ਮਨਿਸਟਰਜ਼ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਅਗਲੀ ਕਾਰਵਾਈ ਪਰ ਭੇਜਿਆ ਵੀ ਗਿਆ ਸੀ।

ਜਥੇਬੰਦੀ ਵਲੋਂ ਪੰਜਾਬ ਸਰਕਾਰ ਤੇ ਮਹਿਕਮੇ ਦੀ ਮਨੈਜਮੇਂਟ ਤੋਂ ਮੰਗ ਕੀਤੀ ਗਈ ਹੈ ਕਿ ਇਨ੍ਹਾਂ ਝੂਠੀਆਂ ਸ਼ਿਕਾਇਤਾਂ ਉਪਰ ਅਮਲ ਕਰਨ ਦੀ ਥਾਂ ਜਸਸ ਵਿਭਾਗ ਵਿਚ ਕੰਮ ਕਰਦੇ ਇਨਲਿਸਟਮੈਂਟ ਕਾਮਿਆਂ ਨੂੰ ਤਜਰਬੇ ਦੇ ਅਦਾਰ 'ਤੇ ਵਿਭਾਗ ਵਿਚ ਮਰਜ ਕਰਕੇ ਤੁਰੰਤ ਰੈਗੂਲਰ ਕੀਤਾ ਜਾਵੇ। ਵਰਕਰਾਂ ਨੂੰ ਪਹਿਲਾਂ ਤੋਂ ਤੈਅ ਸ਼ੁੱਦਾ ਤਨਖਾਹਾਂ ਹਰੇਕ ਮਹੀਨੇ ਦੀ 7 ਤਰੀਖ ਤੱਕ ਦੇਣਾ ਯਕੀਨੀ ਕੀਤਾ ਜਾਵੇ ਨਹੀਂ ਤਾਂ ਇਸ ਮੰਗ ਦੀ ਪੂਰਤੀ ਲਈ ਸਾਡਾ ਪਹਿਲਾਂ ਤੋਂ ਹੀ ਸੰਘਰਸ਼ ਜਾਰੀ ਹੈ। ਜੋ ਲਗਾਤਾਰ ਜਾਰੀ ਰੱਖਿਆ ਜਾਵੇਗਾ।

# ਛੋਟੇ-ਛੋਟੇ ਮਸੂਮ ਤਪਦੀ ਗਰਮੀਂ ਵਿੱਚ ਆਂਗਣਵਾੜੀ ਸੈਂਟਰਾਂ 'ਚ ਜਾਣ ਲਈ ਮਜਬੂਰ, ਨਹੀਂ ਬਦਲਿਆ ਸੈਂਟਰਾਂ ਦਾ ਸਮਾਂ : ਹਰਗੋਬਿੰਦ ਕੌਰ

ਰਾਮਪੁਰਾ ਫੂਲ, -ਜਸਵੀਰ ਔਲਖ-
-ਰੋਜ਼ਾਨਾ ਸਵੇਰਾ-

ਪੰਜਾਬ ਵਿਚ ਇਸ ਵੇਲੇ ਤਾਪਮਾਨ 47 ਡਿਗਰੀ ਤੱਕ ਪਹੁੰਚ ਗਿਆ ਹੈ। ਭਾਵੇਂ ਸਰਕਾਰ ਨੇ ਸਕੂਲਾਂ ਦਾ ਸਮਾਂ ਤਬਦੀਲ ਕਰ ਦਿੱਤਾ ਹੈ ਪਰ ਅਜੇ ਤਕ ਆਂਗਣਵਾੜੀ ਕੇਂਦਰਾਂ ਦੇ ਸਮੇਂ ਵਿਚ ਤਬਦੀਲੀ ਨਹੀਂ ਕੀਤੀ ਗਈ। ਵਿਭਾਗ ਦੀ ਮੰਤਰੀ ਡਾ. ਬਲਜੀਤ ਕੌਰ ਇਸ ਸਬੰਧੀ ਗੱਲ ਹੀ ਨਹੀਂ ਸੁਣ ਰਹੇ, ਜਦੋਂ ਕਿ ਉਨ੍ਹਾਂ ਨੂੰ ਕਈ ਵਾਰ ਮਿਲ ਕੇ ਮੰਗ ਪੱਤਰ ਦਿੱਤੇ ਗਏ ਹਨ। ਇਹ ਪ੍ਰਗਟਾਵਾ ਜਥੇਬੰਦੀ ਦੀ ਪ੍ਰਧਾਨ ਹਰਗੋਬਿੰਦ ਕੌਰ ਨੇ ਕੀਤਾ। ਪ੍ਰਧਾਨ ਨੇ ਦੱਸਿਆ ਕਿ ਵਧ ਰਹੀ ਗਰਮੀ ਨੂੰ ਦੇਖਦਿਆਂ ਹੋਇਆਂ ਸਰਕਾਰ ਵੱਲੋਂ ਸਕੂਲਾਂ ਦੇ ਸਮੇਂ ਵਿਚ ਤਬਦੀਲੀ ਕੀਤੀ ਗਈ ਹੈ, ਪਰ ਆਂਗਣਵਾੜੀ ਸੈਂਟਰਾਂ ਦਾ ਸਮਾਂ ਨਹੀਂ ਬਦਲਿਆ ਗਿਆ। ਜਥੇਬੰਦੀ ਦੇ ਆਗੂਆਂ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਗਰਮੀ ਨੂੰ ਦੇਖਦਿਆਂ ਹੋਇਆਂ ਜੇ ਸਮੇਂ ਦੀ ਤਬਦੀਲੀ ਨਹੀਂ ਕੀਤੀ ਅਤੇ ਉਨ੍ਹਾਂ ਦੀਆਂ ਬਣਦੀਆਂ ਮੰਗਾਂ ਨਾ ਮੰਨੀਆਂ ਤਾਂ ਮਜਬੂਰਨ ਸੰਘਰਸ਼ ਸ਼ੁਰੂ ਕਰਨਾ ਪਵੇਗਾ। ਮੰਗਾਂ ਸਬੰਧੀ ਪ੍ਰਧਾਨ ਨੇ ਦੱਸਿਆ ਕਿ ਆਂਗਣਵਾੜੀ ਸੈਂਟਰਾਂ ਵਿਚ ਬੱਚਿਆਂ ਦੇ ਲਈ ਪੀਣ ਲਈ ਸਾਫ਼ ਸੁਥਰਾ ਪਾਣੀ ਨਹੀਂ ਹੈ। ਕਈਆਂ ਸੈਂਟਰਾਂ ਵਿਚ ਬਿਜਲੀ ਨਹੀਂ, ਪੱਖੇ ਨਹੀਂ ਹਨ ਤੇ ਹੋਰ ਸਹੂਲਤਾਂ ਤੋਂ ਸੱਖਣੇ ਹਨ। ਭਾਵੇਂ ਆਂਗਣਵਾੜੀ ਸੈਂਟਰਾਂ ਦੇ ਬੱਚੇ 2017 ਤੋਂ ਸਰਕਾਰ ਨੇ ਖੋਹ ਕੇ ਪ੍ਰਾਇਮਰੀ ਸਕੂਲਾਂ ਵਿਚ ਬਿਠਾਏ ਹੋਏ ਹਨ ਪਰ ਜਿਨ੍ਹਾਂ ਸੈਂਟਰਾਂ ਵਿਚ ਬੱਚੇ ਆਉਂਦੇ ਹਨ, ਉਨ੍ਹਾਂ ਨਿੱਕੇ ਨਿੱਕੇ ਬੱਚਿਆਂ ਦਾ ਗਰਮੀਂ ਕਾਰਨ ਬੁਰਾ ਹਾਲ ਹੋ ਰਿਹਾ ਹੈ।



ਸੂਬੇ ਭਰ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਮਾਰਚ ਮਹੀਨੇ ਤੋਂ ਬਾਅਦ ਤਨਖਾਹਾਂ ਨਹੀਂ ਮਿਲੀਆਂ, ਜਿਸ ਕਰਕੇ ਵਰਕਰ ਤੇ ਹੈਲਪਰ ਘੋਰ ਨਿਰਾਸ਼ਾ ਵਿਚ ਹਨ ਪਰ ਪੰਜਾਬ ਸਰਕਾਰ ਘੂਕ ਸੁੱਤੀ ਪਈ ਹੈ।ਇਹ ਪਹਿਲੀ ਵਾਰ ਹੈ ਕਿ ਸਰਕਾਰ ਯੂਨੀਅਨ ਦੀ ਗੱਲ ਨਹੀਂ ਸੁਣ ਰਹੀ, ਕੀ ਇਹ ਹੀ ਬਦਲਾਅ ਹੈ। ਕਈ ਵਰਕਰ, ਹੈਲਪਰ ਇਸੇ ਮਾਣ ਭੱਤੇ 'ਤੇ ਨਿਰਭਰ ਹਨ। ਜਥੇਬੰਦੀ ਦੀ ਪ੍ਰਧਾਨ ਨੇ ਕਿਹਾ ਕਿ ਜੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਆਉਣ ਵਾਲੇ ਸਮੇਂ 'ਚ ਸੰਘਰਸ਼ ਕਰਨ ਲਈ ਮਜਬੂਰ ਹੋਣਗੀਆਂ ਜਿਸ ਦੀ ਜ਼ਿੰਮੇਵਾਰੀ ਸੂਬਾ ਸਰਕਾਰ ਅਤੇ ਸਬੰਧਤ ਵਿਭਾਗ ਦੀ ਹੋਵੇਗੀ।

# ਮੁੱਖ ਮੰਤਰੀ ਨੇ ਤਰਸ ਦੇ ਆਧਾਰ 'ਤੇ ਨੌਕਰੀਆਂ ਲਈ 57 ਨਿਯੁਕਤੀ ਪੱਤਰ ਸੌਂਪੇ

ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸਥਾਨਕ ਸਰਕਾਰਾਂ ਅਤੇ ਪੁਲਿਸ ਵਿਭਾਗਾਂ ਵਿੱਚ ਤਰਸ ਦੇ ਆਧਾਰ 'ਤੇ ਨਿਯੁਕਤ ਹੋਏ 57 ਵਿਅਕਤੀਆਂ ਨੂੰ ਨਿਯੁਕਤੀ ਪੱਤਰ ਸੌਂਪੇ। ਇੱਥੇ ਪੰਜਾਬ ਭਵਨ ਵਿਖੇ ਤਰਸ ਦੇ ਆਧਾਰ 'ਤੇ ਨੌਕਰੀਆਂ ਲਈ ਨਿਯੁਕਤੀ ਪੱਤਰ ਸੌਂਪਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਦੇ ਕਰੀਅਰ ਦੀ ਸਫਲਤਾ ਅਤੇ ਬਿਹਤਰ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਦੱਸਿਆ ਕਿ ਇਨ੍ਹਾਂ 57 ਨਿਯੁਕਤੀਆਂ ਵਿੱਚੋਂ 50 ਸਥਾਨਕ ਸਰਕਾਰਾਂ ਵਿਭਾਗ ਨਾਲ ਜਦਕਿ 7 ਪੁਲਿਸ ਵਿਭਾਗ ਨਾਲ ਸਬੰਧਤ ਹਨ। ਭਗਵੰਤ ਮਾਨ ਨੇ ਕਿਹਾ ਕਿ ਅੱਜ ਨਿਯੁਕਤ ਹੋਏ ਨੌਜਵਾਨਾਂ ਨੂੰ ਰੋਟੀ-ਰੋਜ਼ੀ ਕਮਾਉਣ ਵਾਲੇ ਪਰਿਵਾਰਕ ਜੀਅ ਦੇ ਗੁਜ਼ਰਨ ਤੋਂ ਬਾਅਦ ਕਈ ਔਕੜਾਂ ਵਿੱਚੋਂ ਲੰਘਣਾ ਪਿਆ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਨਜ਼ਦੀਕੀਆਂ ਦਾ ਤੁਰ ਜਾਣਾ ਨਾ ਪੂਰਿਆ ਜਾਣ ਵਾਲਾ ਘਾਟਾ ਹੈ ਅਤੇ



ਇਸ ਦੀ ਪੂਰਤੀ ਨਹੀਂ ਕੀਤੀ ਜਾ ਸਕਦੀ। ਹਾਲਾਂਕਿ, ਭਗਵੰਤ ਮਾਨ ਨੇ ਕਿਹਾ ਕਿ ਇਹ ਨਿਯੁਕਤੀਆਂ ਇਨ੍ਹਾਂ ਪਰਿਵਾਰਾਂ ਦੇ ਦੁੱਖ ਘਟਾਉਣ ਵਿੱਚ ਸਹਾਈ ਹੋਣ ਦੇ ਨਾਲ ਨਾਲ ਉਨ੍ਹਾਂ ਨੂੰ ਮਾਣ-ਇੱਜ਼ਤ ਅਤੇ ਸਨਮਾਨਜਨਕ ਢੰਗ ਨਾਲ ਜੀਵਨ ਬਸਰ ਕਰਨ ਵਿੱਚ ਮਦਦਗਾਰ ਸਾਬਤ ਹੋਣਗੀਆਂ।

# ਐਸ ਆਰ ਐਸ ਵਿਦਿਆਪੀਠ ਵਿਖੇ ਟੀਕਾਕਰਨ ਕੈਂਪ ਲਗਾਇਆ ਗਿਆ



ਸਮਾਣਾ,
-ਰੋਜ਼ਾਨਾ ਸਵੇਰਾ-

ਐੱਸ. ਆਰ. ਐੱਸ. ਵਿੱਦਿਆਪੀਠ ਵਿਖੇ ਸਕੂਲ ਦੀ ਮੈਨੇਜਮੈਂਟ ਕਮੇਟੀ ਵੱਲੋਂ ਮਾਪਿਆਂ ਦੀ ਸਹਿਮਤੀ ਨਾਲ ਐੱਸ.ਐਮ.ਓ.ਦਰਸ਼ਨ ਸਿੰਘ, ਐੱਸ. ਆਈ.ਗੁਰਜਿੰਦਰ ਸਿੰਘ,ਏ.ਐਨ.ਐਮ.ਨਿਸ਼ ਕਲਸੀ ਦੀ ਦੇਖ- ਰੇਖ ਹੇਠ 12 ਤੋਂ 17 ਸਾਲ ਦੇ ਵਿਦਿਆਰਥੀਆਂ ਦਾ 'ਕੋਵਿਡ-19 ਟੀਕਾਕਰਨ ਕੈਂਪ' ਲਗਵਾਇਆ ਗਿਆ । ਜਿਸ ਵਿੱਚ 75% ਵਿਦਿਆਰਥੀਆਂ ਦਾ ਟੀਕਾਕਰਨ ਕੀਤਾ ਗਿਆ। ਸਕੂਲ ਦੇ ਚੇਅਰਮੈਨ ਸ੍ਰੀ ਅਮਿਤ ਸਿੰਗਲਾ ਨੇ ਕਿਹਾ ਕਿ ਇਹ ਕੈਂਪ ਸਕੂਲ ਵਿੱਚ ਇਸ ਲਈ ਲਗਾਇਆ ਗਿਆ ਤਾਂ ਕਿ ਵਿਦਿਆਰਥੀ 'ਕੋਵਿਡ' ਵਰਗੀ ਭਿਆਨਕ ਬਿਮਾਰੀ ਤੋਂ ਬਚੇ ਰਹਿਣ ਅਤੇ ਨਾਲ ਹੀ ਮਾਪਿਆਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

ਵਿਦਿਆਰਥੀਆਂ ਦੀ ਸਿਹਤ ਨੂੰ ਮੱਦੇਨਜ਼ਰ ਰੱਖਦੇ ਹੋਏ ਇਸ ਤਰ੍ਹਾਂ ਦੇ ਕੈਂਪ ਸਕੂਲ ਵਿੱਚ ਲੱਗਦੇ ਰਹਿਣਗੇ।ਇਸ ਮੌਕੇ ਤੇ ਸਕੂਲ ਮੈਨੇਜਮੈਂਟ ਤੋਂ ਇਲਾਵਾ ਸਮੂਹ ਸਟਾਫ਼ ਹਾਜ਼ਰ ਸੀ।

# ਵਿੱਤ ਮੰਤਰੀ ਚੀਮਾਂ ਵੱਲੋਂ ਹਲਕੇ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ

ਸੰਗਰੂਰ,
-ਰੋਜ਼ਾਨਾ ਸਵੇਰਾ-

ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਦੀ ਵਿੱਤੀ ਹਾਲਤ ਸੁਧਾਰਨ ਲਈ ਪੰਜਾਬ ਸਰਕਾਰ ਸਰਕਾਰੀ ਖਜਾਨੇ ਵਿੱਚੋਂ ਹੋ ਰਹੀ ਲੀਕੇਜ਼ ਨੂੰ ਬੰਦ ਕਰਨ ਲਈ ਯਤਨਸ਼ੀਲ ਹੈ। ਉਹ ਦਿੜ੍ਹਬਾ ਵਿਖੇ ਆਪਣੇ ਦਫਤਰ ਵਿੱਚ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸੀ। ਚੀਮਾ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਉਤੇ ਕਾਬਜ਼ ਰਹੀਆਂ ਪਾਰਟੀਆਂ ਨੇ ਪੰਜਾਬ ਦੇ ਭਲੇ ਲਈ ਕੋਈ ਕੰਮ ਨਹੀਂ ਕੀਤਾ।

ਪੰਜਾਬ ਦੇ ਖਜਾਨੇ ਨੂੰ ਲੁੱਟਿਆਂ ਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਪੰਚਾਇਤੀ ਜ਼ਮੀਨ ਉਤੇ ਕੀਤੇ ਗਏ ਕਬਜ਼ਿਆਂ ਨੂੰ ਛੁਡਵਾਉਣ ਲਈ ਸਰਕਾਰ ਪੂਰਾ ਜੋਰ ਲਾ ਰਹੀ ਹੈ ਅਤੇ ਪੰਜਾਬ ਦੇ ਲੋਕ ਇਸ ਕੰਮ ਲਈ ਸਹਿਯੋਗ ਵੀ ਦੇ ਰਹੇ ਹਨ। ਇਸ ਨਾਲ ਜਿੱਥੇ ਲੋਕਾਂ ਦੇ ਨਜ਼ਾਇਜ ਕਬਜੇ ਬੰਦ ਹੋਣਗੇ ਅਤੇ ਸਰਕਾਰ ਦੀ ਆਮਦਨ ਵਿੱਚ ਵੀ ਵਾਧਾ ਹੋਵੇਗਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੀ ਗਈ ਨਜਾਇਜ ਕਬਜੇ ਕਰਨ ਵਾਲਿਆ ਨੂੰ ਅਪੀਲ ਅਤੇ ਤਾੜਨਾ ਦਰੁਸਤ ਹੈ। 31 ਮਈ ਤੱਕ ਸਾਰੇ ਕਬਜੇ ਛੱਡ ਦੇਣ ਅਤੇ ਨਹੀਂ ਖਰਚਾ ਅਤੇ ਪਰਚਾ ਦਰਜ ਹੋਵੇਗਾ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਚੋਣਾਂ ਸਮੇਂ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਇੱਕ ਇੱਕ ਕਰਕੇ ਪੂਰਾ ਕਰ ਰਹੀ ਹੈ। ਸਿਹਤ ਸਹੂਲਤਾਂ ਅਤੇ ਸਿੱਖਿਆ ਸਹੂਲਤਾਂ ਦੇਣਾ ਪਹਿਲ ਹੋਵੇਗੀ। ਲੱਚਰ ਗੀਤ ਗਾਉਣ ਵਾਲੇ ਅਤੇ ਗੰਨ ਕਲਚਰ ਨੂੰ ਪ੍ਰਮੋਟ ਕਰਨ ਵਾਲੇ ਗੀਤਾਂ ਦੇ ਖਿਲਾਫ ਮੁੱਖ ਮੰਤਰੀ ਦੇ ਦਿੱਤੇ ਬਿਆਨ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਕਰਕੇ ਸਾਡੇ ਨਿਰੋਏ ਸੱਭਿਆਚਾਰ ਨੂੰ ਗੰਧਲਾ ਕਰਨ ਦੀ ਕਿਸੇ ਨੂੰ ਵੀ ਇਜ਼ਾਜਤ ਨਹੀਂ ਦਿੱਤੀ ਜਾਵੇਗੀ।

# ਰਾਸ਼ਟਰੀ ਜਯੋਤੀ ਕਲਾ ਮੰਚ ਦੀ 25ਵੀਂ ਸਿਲਵਰ ਜੁਬਲੀ ਬੜੀ ਧੂਮ ਧਾਮ ਨਾਲ



ਪਟਿਆਲਾ,
-ਰੋਜ਼ਾਨਾ ਸਵੇਰਾ-

ਰਾਸ਼ਟਰੀ ਜਯੋਤੀ ਕਲਾ ਮੰਚ ਦੀ 25ਵੀਂ ਸਿਲਵਰ ਜੁਬਲੀ ਬੜੀ ਧੂਮ ਧਾਮ ਨਾਲ ਭਾਸ਼ਾ ਵਿਭਾਗ ਦੇ ਹਾਲ ਵਿੱਚ ਮਨਾਈ ਗਈ। ਇਹ ਪ੍ਰੋਗਰਾਮ ਇੰਜੀ: ਨਰਿੰਦਰ ਸਿੰਘ ਪ੍ਰਧਾਨ ਅਤੇ ਇੰਜੀ: ਹਰਬੰਸ ਸਿੰਘ ਕੁਲਾਰ ਦੀ ਸਰਪ੍ਰਸਤੀ ਹੇਠ ਆਯੋਜਿਤ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਡਾ. ਬਲਬੀਰ ਸਿੰਘ ਐਮ.ਐਲ.ਏ. ਹਲਕਾ ਪਟਿਆਲਾ ਦਿਹਾਤੀ ਪਹੁੰਚੇ ਅਤੇ ਵਿਸ਼ੇਸ਼ ਮਹਿਮਾਨ ਸ੍ਰੀ ਵਿਕਾਸ ਸਭਰਵਾਲ ਏ.ਆਈ.ਜੀ. ਪੰਜਾਬ ਪੁਲਿਸ ਸਨ। ਜਿਨ੍ਹਾਂ ਨੇ ਸ਼ਮਾ ਰੋਸ਼ਨ ਕਰਕੇ ਪ੍ਰੋਗਰਾਮ ਦਾ ਆਗਾਜ ਕੀਤਾ। ਏ.ਆਈ.ਜੀ. ਵਿਕਾਸ ਸਭਰਵਾਲ ਨੇ ਮੰਚ ਦੀ ਤਾਰੀਫ ਕਰਦਿਆ ਕਿਹਾ ਕਿ ਮੈਂ ਮੰਚ ਨੂੰ ਸਥਾਪਨਾ ਦਿਵਸ ਦੀ ਬਹੁਤ ਬਹੁਤ ਵਧਾਈ ਦਿੰਦਾ ਹਾਂ। ਜਿਸ ਸਮਾਜ ਸੇਵਾ ਪ੍ਰਤੀ ਇਹ ਮੰਚ ਕੰਮ ਕਰ ਰਿਹਾ ਹੈ ਬਹੁਤ ਹੀ ਸ਼ਲਾਘਾਯੋਗ ਹੈ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਬਹੁਤ ਵਧੀਆ ਉਪਰਾਲਾ ਇਸ ਮੰਚ ਵਲੋਂ ਕੀਤਾ ਜਾਂਦਾ ਹੈ। ਜਿਸ ਵਿੱਚ ਜਰੂਰਤਮੰਦਾਂ ਦੀ ਮਦਦ ਕੀਤੀ ਜਾਦੀ ਹੈ ਅਤੇ ਇਸ ਸੰਸਥਾ ਦਾ ਨਾਮ ਬਹੁਤ ਉੱਚਾ ਹੈ।

ਇਸ ਮੌਕੇ ਤੇ ਫਾਊਂਡਰ ਚੇਅਰਮੈਨ ਅੰਮ੍ਰਿਤਬੀਰ ਸਿੰਘ ਗੁਲਾਟੀ, ਐਸ.ਆਰ.ਪਾਸੀ, ਤ੍ਰਿਭਵਨ ਗੁਪਤਾ, ਇੰਜੀ: ਸੰਜੇ ਜਿੰਦਲ, ਡਾ. ਸਵਰਾਜ ਸਿੰਘ, ਸੁੰਦਰ ਲਾਲ ਸਿੰਗਲਾ, ਜਗਦੀਪ ਸਿੰਘ ਜੱਗਾ, ਨਰਿੰਦਰ ਮਿੱਤਲ ਚੇਅਰਮੈਨ, ਅਨਿਤਾ ਗੁਪਤਾ, ਡਾ. ਸਤਿਆਪਾਲ ਸਿੰਘ ਸਲੂਜਾ, ਨਵਲ ਕਿਸ਼ੋਰ, ਸੰਜੀਵ ਗੁਪਤਾ, ਸੇਠ ਸ਼ਾਮ ਲਾਲ ਨਵਯੁੱਗ, ਗੁਰਵਿੰਦਰ ਕੌਰ, ਅਜੇ ਗੋਇਲ, ਰਾਜ ਕੁਮਾਰ ਕਾਂਸਲ, ਚਾਰਵੀ ਠਾਕੁਰ (ਐਸਟਰੋਲਜਰ), ਰਮਾ ਪੁਰੀ, ਪ੍ਰਦੀਪ ਕੁਮਾਰ, ਵਿਲੀਅਮ, ਪਿੰਕੀ, ਸੰਜੇ ਕੁਮਾਰ, ਰਾਮ ਸ਼ਰਨ, ਸ਼ਾਮਲ ਹੋਏ। ਇਸ ਮੌਕੇ ਤੇ ਰਾਸ਼ਟਰੀ ਜਯੋਤੀ ਕਲਾਮੰਚ ਦੇ ਕਲਾਕਾਰ ਪ੍ਰੋਫੈਸਰ ਪ੍ਰਗਟ ਸਿੰਘ, ਕਮਲਦੀਪ ਸਿੰਘ ਗਿੱਲ, ਮਮਤਾ ਯਾਦਵ, ਅਮਨਦੀਪ ਕੌਰ, ਰੀਆ ਮਹਿਰਾ ਅਤੇ ਹੋਰ ਛੋਟੇ ਛੋਟੇ ਬੱਚਿਆਂ ਨੇ ਆਪਣੇ ਕਲਾ ਦੇ ਜੋਹਰ ਦਿਖਾਏ। ਜਿਸ ਵਿੱਚ ਨਿਰਿਤ ਅਤੇ ਗੀਤ ਸੰਗੀਤ ਦਾ ਸ਼ਾਨਦਾਰ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਮਾ ਦੀ ਮੰਚ ਸੰਚਾਲਣਾ ਡਾ. ਧਰਮਿੰਦਰ ਸੰਧੂ ਨੇ ਬਹੁਤ ਸ਼ਾਨਦਾਰ ਢੰਗ ਨਾਲ ਨਿਭਾਈ। ਅੰਤ ਵਿੱਚ ਆਏ ਹੋਏ ਸਾਰੇ ਨਵੇਂ ਪੁਰਾਣੇ ਮੈਂਬਰਾਂ ਨੂੰ ਮਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਖਾਣੇ ਦਾ ਵੀ ਉਚਿਤ ਪ੍ਰਬੰਧ ਕੀਤਾ ਗਿਆ।

# ਮੈਨੇਜਰ ਰਣਜੀਤ ਸਿੰਘ ਦੀ ਅੰਤਿਮ ਅਰਦਾਸ ਮੌਕੇ ਸ਼ਰਧਾਂਜਲੀ ਭੇਂਟ

ਪਟਿਆਲਾ,
-ਰੋਜ਼ਾਨਾ ਸਵੇਰਾ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਨੇਜਰ ਰਣਜੀਤ ਸਿੰਘ ਗਾਜੀਪੁਰ ਦੇ ਸਦੀਵੀ ਵਿਛੋੜੇ ਦੀ ਅੰਤਿਮ ਅਰਦਾਸ ਅੱਜ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਦੀਵਾਨ ਹਾਲ ਵਿਖੇ ਹੋਈ। ਇਸ ਮੌਕੇ ਰੱਖੇ ਗਏ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਅਤੇ ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ। ਮੈਨੇਜਰ ਰਣਜੀਤ ਸਿੰਘ ਗਾਜੀਪੁਰ ਦੀ ਅੰਤਿਮ ਅਰਦਾਸ ਮੌਕੇ ਧਾਰਮਕ, ਰਾਜਨੀਤਕ ਤੇ ਸਮਾਜਕ ਸਖਸ਼ੀਅਤਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਸਾਹਿਬਾਨ ਅਤੇ ਮੈਨੇਜਰ ਸਾਹਿਬਾਨ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਹਾਜ਼ਰ ਸਨ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਜਨਰਲ ਸਕੱਤਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

# ਗੁਰਦੁਆਰਾ ਸਾਹਿਬ ਸੈਕਟਰ 22 ਵਿਖੇ ਸਾਲਾਨਾ ਗੁਰਮਤਿ ਸਮਾਗਮ ਆਯੋਜਿਤ



ਚੰਡੀਗੜ੍ਹ,
-ਰੋਜ਼ਾਨਾ ਸਵੇਰਾ-

ਗੁਰਦੁਆਰਾ ਸਾਹਿਬ ਸੈਕਟਰ 22 ਵਿਚ 4 ਦਿਨਾਂ ਤੋਂ ਸਾਲਾਨਾ ਗੁਰਮਤਿ ਸਮਾਗਮ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ ਇਸ ਸਮਾਗਮ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਵੀ ਇਸ ਗੁਰਮਤਿ ਸਮਾਗਮ ਵਿੱਚ ਆਪਣੀਆਂ ਹਾਜ਼ਰੀਆਂ ਭਰਕੇ ਗਏ ਹਨ ਕਲ ਰਾਤ ਭਾਈ ਬਲਦੇਵ ਸਿੰਘ ਸਿਰਸਾ ਦੀ ਤਕਰੀਰ ਲੋਕਾਂ ਦੇ ਦਿਲਾਂ ਵਿੱਚ ਘਰ ਕਰ ਗਈ ਭਾਈ ਕੁਲਦੀਪ ਸਿੰਘ ਵਡਾਲਾ ਨੇ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰ ਦਿੱਤਾ ਭਾਈ ਵਡਾਲਾ ਨੇ ਦੱਸਿਆ ਕਿ ਜਦੋਂ ਮੈਨੂੰ ਮੇਰੇ ਕੀਰਤਨ ਦੇ ਸਮੇਂ ਬਾਰੇ ਪੁੱਛਿਆ ਤਾਂ ਪ੍ਰਬੰਧਕਾਂ ਨੇ ਕਿਹਾ ਕਿ 10-11ਦਾ ਸਮਾਂ ਹੈ ਤਾਂ ਮੈਂ ਕਿਹਾ ਕਿ ਉਸ ਵਕਤ ਸੰਗਤ ਬਹੁਤ ਘੱਟ ਹੋਵੇਗੀ ਪਰ ਜਦੋਂ ਇੱਥੇ ਆਕੇ ਦੇਖਿਆ ਕਿ ਇਹ ਤਾਂ ਚੰਡੀਗੜ ਦੀ ਸੰਗਤ ਹੈ ਧੰਨ ਗੁਰੂ ਨਾਨਕ ਦੇਵ ਜੀ ਤੇ ਧੰਨ ਤੁਹਾਡੀ ਸੰਗਤ ਇਸ ਮਹਾਨ ਗੁਰਮਤਿ ਸਮਾਗਮ ਨੂੰ ਸਫਲ ਬਨਾਉਣ ਦੀ ਸੇਵਾ ਸਮੂੰਹ ਇਲਾਕਾ ਨਿਵਾਸੀ ਸਾਧ ਸੰਗਤ, ਸੱਚਖੰਡ ਅੰਮ੍ਰਿਤ ਸੰਚਾਰ ਪਾਲਕੀ ਸਾਹਿਬ ਸੇਵਕ ਜੱਥਾ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ , ਏਰੀਆ ਕੋਂਸਲਰ ਦਮਨਪ੍ਰੀਤ ਸਿੰਘ ਬਾਦਲ ਅਤੇ ਨਗਰ ਨਿਗਮ ਦੇ ਕਰਮਚਾਰੀਆਂ ਨੇ ਪੂਰਾ ਸਮਾਂ ਹਰ ਤਰਾਂ ਦੀ ਸਹਾਇਤਾ ਤੇ ਸੇਵਾ ਵਿੱਚ ਵਿੱਚ ਸਹਿਯੋਗ ਦਿੱਤਾ ਦਮਨਪ੍ਰੀਤ ਸਿੰਘ ਬਾਦਲ ਅਤੇ ਗੁਰਜੋਤ ਸਿੰਘ ਸਾਹਨੀ ਨੇ ਸੰਮੂਹ ਸਾਧ ਸੰਗਤ ਦਾ ਧੰਨਵਾਦ ਕੀਤਾ।

# ਮਨੁੱਖੀ ਅਧਿਕਾਰ ਸੁਰੱਖਿਆ ਦਲ ਵੱਲੋਂ ਪਹਿਲਾ ਖੂਨਦਾਨ ਕੈਂਪ ਭਾਦਸੋਂ ਵਿਖੇ ਲਗਾਇਆ ਗਿਆ

ਭਾਦਸੋਂ
-ਰੋਜ਼ਾਨਾ ਸਵੇਰਾ-

ਮਨੁੱਖੀ ਅਧਿਕਾਰ ਸੁਰੱਖਿਆ ਦਲ ਵੱਲੋਂ ਅੱਜ ਐਡਵੋਕੇਟ ਹਰਮੋਹਨ ਸਿੰਘ ਸਕਰਾਲੀ ਦੇ ਜਨਮ ਦਿਨ ਨੂੰ ਮੁੱਖ ਰੱਖਦਿਆਂ ਵਿਸ਼ਵਕਰਮਾ ਮੰਦਿਰ ਭਾਦਸੋਂ ਵਿਖੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕਰਦਿਆਂ ਹੋਇਆਂ ਅੱਜ ਇੱਕ ਪਹਿਲਾ ਖੂਨਦਾਨ ਕੈਂਪ ਲਗਾਇਆ ਗਿਆ ਇਸ ਤੋਂ ਪਹਿਲਾਂ ਉਹ ਆਪ ਖ਼ੁਦ ਤਿੰਨ ਖੂਨ ਦਾਨ ਕੈਂਪ ਲਗਵਾ ਚੁੱਕੇ ਹਨ। ਇਸ ਕੈਂਪ ਵਿੱਚ 25 ਡੋਨਰਜ਼ ਨੇ ਖ਼ੂਨ ਦਾਨ ਕਰ ਕੇ ਕੈਂਪ ਦੀ ਸ਼ੋਭਾ ਵਧਾਈ ।ਇਸ ਕੈਂਪ ਵਿਚ ਦਲ ਦੇ ਸੂਬਾ ਪ੍ਰਧਾਨ ਜਗਦੀਪ ਸਿੰਘ ਸਕਰਾਲੀ ਨੇ ਕਿਹਾ ਇਸ ਤਰ੍ਹਾਂ ਦੇ ਕੈਂਪਾਂ ਲਗਾਉਣ ਨਾਲ ਬਹੁਤ ਸਾਰੇ ਵਿਅਕਤੀਆਂ ਦੀਆਂ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ ।ਇਸ ਤੋਂ ਅਲਾਵਾ ਬੀਬਾ ਗੁਰਮੀਤ ਕੌਰ ਨਾਹਰ ਨੇ ਵੀ ਆਪਣੇ ਸੰਬੋਧਨ ਵਿੱਚ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਣ



ਲਈ ਪ੍ਰੇਰਿਤ ਕੀਤਾ ।ਇਸ ਮੌਕੇ ਐਡਵੋਕੇਟ ਹਰਮੋਹਨ ਸਿੰਘ ਸਕਰਾਲੀ ਦੇ ਸਾਰਿਆਂ ਨੇ ਦਰਸਾਏ ਹੋਏ ਮਾਰਗ ਤੇ ਚੱਲਣ ਦਾ ਪ੍ਰਣ ਲਿਆ ।ਇਸ ਮੌਕੇ ਐੱਸ ਐੱਮ ਓ ਨਾਭਾ ਦੀ ਪਹੁੰਚੀ ਹੋਈ ਟੀਮ ਦਾ ਮਨੁੱਖੀ ਅਧਿਕਾਰ ਸੁਰੱਖਿਆ ਦਲ ਵੱਲੋਂ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ ।

ਇਸ ਕੈਂਪ ਵਿਚ ਵਿਸ਼ੇਸ਼ ਤੌਰ ਤੇ ਪਹੁੰਚੇ ਬੀਬਾ ਕਮਲਜੀਤ ਕੌਰ ਰੰਧਾਵਾ ਸੂਬਾ ਪ੍ਰਧਾਨ ਇਸਤਰੀ ਵਿੰਗ , ਹਰਨੇਕ ਸਿੰਘ ਰੋਹਟੀ ਛੰਨਾ ਮੀਤ ਪ੍ਰਧਾਨ ਪੰਜਾਬ ਨੇਤਰ ਸਿੰਘ ਸਿਉਣਾ ਮੀਤ ਪ੍ਰਧਾਨ ਪੰਜਾਬ, ਬੀਬਾ ਗੁਰਮੀਤ ਕੌਰ ਨਾਹਰ ਸੀਨੀਅਰ ਮੀਤ ਪ੍ਰਧਾਨ ਜਸਪਾਲ ਕੌਰ ਬਾਰਨ ਮੀਤ ਪ੍ਰਧਾਨ ਪੰਜਾਬ ਇਸਤਰੀ ਵਿੰਗ , ਮਾਸਟਰ ਅਵਤਾਰ ਸਿੰਘ ਸਕੱਤਰ ਪੰਜਾਬ, ਗੁਰਮਖ ਸਿੰਘ ਜਾਗੀ ਅਸਮਿੰਦਰ ਸਿੰਘ ਪਟਿਆਲਾ, ਪ੍ਰਿੰਸੀਪਲ ਚੰਨਣ ਸਿੰਘ ਬਲਜਿੰਦਰ ਕੌਰ ਪੰਜੋਲੀ ਹਰਬੰਸ ਸਿੰਘ ਮਰੌੜ, ਜਸਵਿੰਦਰ ਸਿੰਘ ਜੱਸੀ, ਬਬਲੀ ਦੇਵੀਗੜ੍ਹ, ਨਰਿੰਦਰ ਜੋਸ਼ੀ ਸਮਾਜ ਸੇਵਕ ਆਪ ਆਗੂ ,ਪੁਸਵਿੰਦਰ ਸਿੰਘ ਕੋਹਲੀ ਆਪ ਆਗੂ, ਬਲਦੇਵ ਸਿੰਘ ਨੰਬਰਦਾਰ ਸਕਰਾਲੀ ,ਗੁਰਮੇਲ ਸਿੰਘ ਸਾਹੀ ਸਾਬਕਾ ਸਰਪੰਚ ਰਾਮਗੜ ਆਦਿ ਨੇ ਸ਼ਮੂਲੀਅਤ ਕੀਤੀ

# ਜ਼ਰੂਰਤਮੰਦ ਮਰੀਜ਼ਾਂ ਦੀ ਸੇਵਾ ਸੰਭਾਲ ਲਈ ਸਭ ਸੰਸਥਾਵਾਂ ਨੂੰ ਸਹਿਯੋਗ ਦੇਣ ਲਈ ਯਤਨਸ਼ੀਲ ਹੈ ਮਰੀਜ਼ ਮਿੱਤਰਾ

ਪਟਿਆਲਾ,
-ਰੋਜ਼ਾਨਾ ਸਵੇਰਾ-

ਜ਼ਰੂਰਤਮੰਦ ਦਿਮਾਗ ਤੋ ਕਮਜੋਰ ਸਿਰ ਉਤੇ ਬਾਪ ਦਾ ਹੱਥ ਹੈ ਨਾ ਹੀ ਭਰਾ ਹੋਣ ਤੇ ਵੀ ਕੋਈ ਸਾਰ ਨਹੀ ਲੈਂਦਾ ਕੱਲੀ ਮਾਂ ਰਿੰਪੀ ਦੇ ਨਾਲ ਦੁੱਖਾਂ ਨਾਲ ਲੜ ਰਹੀ ਹੈ ਮਰੀਜ਼ ਚਮਕੌਰ ਸਿੰਘ ਰਿੰਪੀ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਜੇਰੇ ਇਲਾਜ ਹੈ ਇਹਨਾਂ ਦਾ ਖੂਨ 2:5 ਗ੍ਰਾਮ ਰਹਿ ਗਿਆ ਤੇ ਦੋਰੇ ਦਾ ਪਹਿਲਾ ਤੋ ਹੀ ਮਰੀਜ ਹੈ ਰਿੰਪੀ ।ਇਹਨਾਂ ਦੇ ਹੁਣ ਤੱਕ ਖੂਨ ਦੀਆ 4 ਯੂਨਿਟ ਲੱਗ ਚੁੱਕੇ ਹਨ ਤੇ ਬਹੁਤ ਸਾਰੀਆ ਦਵਾਈਆਂ ਦਾ ਖਰਚਾ ਹੋ ਚੁਕਾ ਸੀ।ਫਿਰ ਜਦੋ ਮਾਤਾ ਇਲਾਜ ਲਈ ਅਸਮਰੱਥ ਰਹੇ ਤਾ ਉਹਨਾ ਨੇ 13-5-22 ਨੂੰ ਸਵੇਰੇ



ਸਮਾਣਾ ਟੀਮ ਦਾ ਡਾ ਹਰਮਨ ਸਿਕੰਦਰ ਨਾਲ ਸੰਪਰਕ ਕੀਤਾ ਤਾ ਸਾਰਾ ਕੇਸ ਦੱਸੀਆ ਤੇ ਥੋੜੇ ਟਾਈਮ ਬਾਅਦ ਡਾ ਹਰਮਨ ਸਿਕੰਦਰ ਰਾਜਿੰਦਰਾ ਹਸਪਤਾਲ ਪਹੁੰਚ ਗਏ ਤੇ ਕੇਸ ਦੀ ਸਾਰੀ ਜਾਣਕਾਰੀ ਲੈ ਕੇ ਗੁਰਮੁੱਖ ਗੁਰੂ ਜੀ ਨਾਲ ਸਾਝੀ ਕੀਤੀ ਤੇ ਗੁਰਮੁੱਖ ਗੁਰੂ ਜੀ ਨੇ ਸਾਰੇ ਕੇਸ ਸੁਣ ਕੇ ਮਰੀਜ਼ ਨੂੰ ਜਰੂਰਮੰਦ ਸਮਝਿਆ ਤੇ ਨਾਲ ਦੀ ਨਾਲ ਮਰੀਜ ਦੀ ਡਿਟੇਲ ਮੰਗ ਲਈ ਤੇ ਸਾਮ ਤੱਕ ਕੇਸ ਮਰੀਜ਼ ਮਿੱਤਰਾ ਨੇ ਆਪਣੇ ਹੱਥ ਸੇਵਾ ਵਿਚ ਲੈ ਲਿਆ ਤੇ ਸਾਮ ਤੱਕ ਖਾਣ ਪੀਣ ਤੇ ਜੂਸ ਹੋਰ ਸਾਰਾ ਸਮਾਨ ਪਹੁੰਚਦਾ ਕਰ ਦਿਤਾ ਤੇ 15- 5-22 ਨੂੰ ਸਵੇਰੇ ਦਵਾਈਆ ਦੀ ਸੇਵਾ ਵੀ ਚਾਲੂ ਕੀਤੀ ਗਈ। ਤੇ ਰਿੰਪੀ ਦੇ ਮਾਤਾ ਜੀ ਨਾਲ ਟੀਮ ਮਰੀਜ਼ ਮਿੱਤਰਾ ਨੇ ਦੁਖ ਸੁਖ ਸਾਝਾ ਕੀਤਾ ਤੇ ਨਾਲ ਖੜਨ ਦਾ ਭਰੋਸਾ ਦਿਤਾ।

# ਸੜ੍ਹਕੀ ਦੁਰਘਟਨਾਵਾਂ ਨੂੰ ਰੋਕਣ ਲਈ ਕੀਤੇ ਜਾਣ ਢੁੱਕਵੇਂ ਪ੍ਰਬੰਧ-ਡਿਪਟੀ ਕਮਿਸ਼ਨਰ



ਮਾਨਸਾ,
-ਰੋਜ਼ਾਨਾ ਸਵੇਰਾ-

ਸੜਕੀ ਹਾਦਸਿਆਂ ਤੋ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਠੋਸ ਯਤਨ ਕੀਤੇ ਜਾਣਾ ਸਮੇਂ ਦੀ ਲੋੜ ਹੈ। ਅੱਜ ਡਿਪਟੀ ਕਮਿਸਨਰ ਸ੍ਰੀ ਜਸਪ੍ਰੀਤ ਸਿੰਘ ਨੇ ਵੱਖ ਵੱਖ ਵਿਭਾਗੀ ਅਧਿਕਾਰੀਆਂ ਨਾਲ ਅਹਿਮ ਮੀਟਿੰਗ ਕੀਤੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੜਕੀ ਹਾਦਸਿਆਂ ਨੂੰ ਠੱਲ੍ਹ ਪਾਉਣ ਅਤੇ ਕੀਮਤੀ ਜਾਨਾਂ ਦੀ ਸੁਰੱਖਿਆ ਲਈ ਜ਼ਿਲ੍ਹੇ ਦੀਆਂ ਸੜਕੀ ਦੁਰਘਟਨਾਵਾਂ ਵਾਲੀਆਂ ਥਾਵਾਂ 'ਤੇ ਗੱਡੀਆਂ ਦੀ ਗਤੀ ਘਟਾਉਣ ਲਈ ਲੋੜ ਅਨੁਸਾਰ ਰਿੰਬਲ ਸਟਰਿੱਪਸ ਜਾਂ ਸਪੀਡ ਬਰੇਕਰ ਲਗਵਾਏ ਜਾਣ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਢੁੱਕਵੀਆਂ ਥਾਵਾਂ 'ਤੇ ਰਿਫਲੈਕਟਰ ਸਟੱਡ, ਸਪੀਡ ਲਿਮਟ ਦੇ ਬੋਰਡ ਅਤੇ ਲਾਈਟਾਂ ਯਕੀਨੀ ਲਗਵਾਏ ਜਾਣ ਅਤੇ ਹਾਈਬੀਮ ਗੱਡੀਆਂ ਦੇ ਚਲਾਨ ਕੀਤੇ ਜਾਣ।

ਸ਼੍ਰੀ ਜਸਪ੍ਰੀਤ ਸਿੰਘ ਨੇ ਕਿਹਾ ਕਿ ਡਿਵਾਈਡਰ 'ਤੇ ਰੇਡੀਅਮ ਟੇਪਾਂ ਅਤੇ ਓਵਰ ਬਰਿੱਜ 'ਤੇ ਮਾਰਕ ਸਾਈਨ ਜ਼ਰੂਰ ਲੱਗੇ ਹੋਣੇ ਚਾਹੀਦੇ ਹਨ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲਿੰਕ ਸੜਕ ਤੋਂ ਮੇਨ ਹਾਈਵੇ 'ਤੇ ਚੜ੍ਹਨ ਵਾਲੀਆਂ ਸੜਕਾਂ 'ਤੇ ਰਿੰਬਲ ਸਟਰਿਪਸ ਜ਼ਰੂਰ ਲਗਵਾਏ ਜਾਣ, ਤਾਂ ਜੋ ਕੋਈ ਵੀ ਵਾਹਨ ਤੇਜ਼ ਗਤੀ ਨਾਲ ਲਿੰਕ ਸੜਕ ਤੋਂ ਮੇਨ ਹਾਈਵੇ 'ਤੇ ਨਾ ਚੜ੍ਹ ਸਕੇ।

ਉਨ੍ਹਾਂ ਕਿਹਾ ਕਿ ਸੇਫ਼ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਸਾਂ ਦੀ ਚੈਕਿੰਗ ਕਰਨੀ ਯਕੀਨੀ ਬਣਾਈ ਜਾਵੇ ਅਤੇ ਜੇਕਰ ਕੋਈ ਵਾਹਨ ਪਾਲਿਸੀ ਤਹਿਤ ਨਿਯਮਾਂ ਦੀ ਉਲੰਘਣਾਂ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਜਿਹੜੇ ਵਾਹਨਾਂ 'ਤੇ ਪ੍ਰੈਸ਼ਰ ਹਾਰਨ ਲੱਗੇ ਹੋਏ ਹਨ, ਉਨ੍ਹਾਂ ਦੇ ਚਲਾਨ ਕੱਟੇ ਜਾਣ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਐਕਸੀਅਨ ਪੀ.ਡਬਲਿਊ.ਡੀ. (ਬੀ.ਐਂਡ.ਆਰ) ਨੈਸ਼ਨਲ ਹਾਈਵੇ ਬਠਿੰਡਾ ਇੰਜੀਨਿਅਰ ਮੰਦਰ ਸਿੰਘ, ਐਸ.ਡੀ.ਓ. ਇੰਜੀਨਿਅਰ ਰਤਨ ਪਾਲ ਜਿੰਦਲ, ਐਸ.ਡੀ.ਓ. ਪੰਜਾਬ ਮੰਡੀ ਬੋਰਡ ਇੰਜੀਨਿਅਰ ਕਰਮਜੀਤ ਸਿੰਘ, ਐਸ.ਡੀ.ਈ. ਪੀ.ਡਬਲਿਊ.ਡੀ. (ਬੀ.ਐਂਡ.ਆਰ) ਨੈਸ਼ਨਲ ਹਾਈਵੇ ਸੰਗਰੂਰ ਟੂ ਪਟਿਆਲਾ ਪਰਤੀਕ ਸਿੰਗਲਾ, ਇੰਚਾਰਜ ਟਰੈਫਿਕ ਪੁਲਿਸ ਹਰਦਿਆਲ ਦਾਸ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਸੇਵਾ ਕੇਂਦਰਾਂ ਮੁਲਾਜਮ ਦੀਆਂ ਮੰਗਾ ਨਾ ਮੰਨਣ ਤੇ ਸੇਵਾ ਕੇਂਦਰਾਂ ਦੀਆਂ ਸੇਵਾਵਾਂ ਕੀਤੀਆਂ ਗਈਆ ਬੰਦ



ਨਾਭਾ,
-ਰੋਜ਼ਾਨਾ ਸਵੇਰਾ-

ਸੇਵਾ ਕੇਂਦਰਾਂ ਮੁਲਾਜਮ ਦੀਆਂ ਮੰਗਾ ਨਾ ਮੰਨਣ ਕਰਕੇ ਸੇਵਾ ਕੇਂਦਰ ਮੁਲਾਜ਼ਮਾਂ ਵੱਲੋਂ ਸੇਵਾ ਕੇਂਦਰਾਂ ਦੀਆਂ ਸੇਵਾਵਾਂ ਬੰਦ ਕੀਤੀਆਂ ਗਈਆ ਮੁਲਾਜ਼ਮਾਂ ਦੀਆਂ ਮੁੱਖ ਮੰਗਾਂ ਸਨ ਕਿ ਅੱਜ ਦੇ ਸਮੇਂ ਵਿੱਚ ਵਧੀ ਹੋਈ ਮਹਿੰਗਾਈ ਨੂੰ ਧਿਆਨ ਵਿੱਚ ਰੱਖ ਕੇ ਸੇਵਾ ਕੇਂਦਰ ਕਰਮਚਾਰੀਆਂ ਦੀ ਪੂਰੀ ਤਨਖਾਹ ਨੂੰ ਦੁਬਾਰਾ Refix ਕਰ ਕੇ ਘੱਟੋ-ਘੱਟੋ 60% ਦਾ ਵਾਧਾ ਕੀਤਾ ਜਾਵੇ। 2.ਅੱਜ ਦੇ ਸਮੇਂ ਵਿੱਚ ਡੀਜਲ/ਪੈਟਰੋਲ ਦੇ ਵਧੇ ਹੋਏ ਰੇਟਾਂ ਨੂੰ ਧਿਆਨ ਵਿੱਚ ਰੱਖ ਕੇ ਸੇਵਾ ਕੇਂਦਰ ਵਿੱਚ L.R ਅਤੇ ਰੰਨਰ ਕਰਮਚਾਰੀਆਂ ਦੇ Daily Expenses ਵਿੱਚ ਵੀ ਘੱਟੋ-ਘੱਟ 60% ਦਾ ਵਾਧਾ ਕੀਤਾ ਜਾਵੇ ਜੀ ਅਤੇ ਸਫਾਈ ਕਰਮਚਾਰੀਆਂ ਦੀ ਤਨਖਾਹ ਵਿੱਚ ਵੀ 60% ਵਾਧਾ ਕੀਤਾ ਜਾਵੇ 3. ਮਾਰਚ 2020 ਦੌਰਾਨ ਲੱਗੇ ਪੂਰਨ ਲੌਕਡਾਊਨ ਦੌਰਾਨ ਆਪ ਵੱਲੋਂ ਪੰਜਾਬ ਦੇ ਸਾਰੇ ਸੇਵਾ ਕੇਂਦਰ ਬੰਦ ਰੱਖੇ ਗਏ ਸਨ। ਜਿਸ ਦੌਰਾਨ ਦੇਸ਼ ਪ੍ਰ?ਧਾਨ ਮੰਤਰੀ ਵੱਲੋਂ ਹੁਕਮ ਜਾਰੀ ਕੀਤੇ ਗਏ ਸਨ। ਕਿ ਕਿਸੇ ਵੀ ਪ੍ਰਾਈਵੇਟ ਕਰਮਚਾਰੀ ਦੇ ਲਾਕਡਾਊਨ ਦੀ ਤਨਖਾਹ ਨਹੀਂ ਕੱਟੀ ਜਾਵੇਗੀ।

# ਗਿਆਨਦੀਪ ਮੰਚ ਵੱਲੋਂ ਦੋ ਪੁਸਤਕਾਂ ਲੋਕ ਅਰਪਣ



ਪਟਿਆਲਾ,
-ਰੋਜ਼ਾਨਾ ਸਵੇਰਾ-

ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ:) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿਖੇ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਹਰਦੇਵ ਸਿੰਘ 'ਪ੍ਰੀਤ' ਦੇ ਕਹਾਣੀ ਸੰਗ ?ਹਿ ਮੁੱਦਾ ਖ਼ਤਮ ਅਤੇ ਨਾਵਲ ਤੇਰੇ ਭਾਣੇ ਦੇ ਦੂਜੇ ਸੰਸਕਰਨ ਨੂੰ ਲੋਕ ਅਰਪਣ ਕੀਤਾ ਗਿਆ। ਸਮਾਗਮ ਦਾ ਅਗਾਜ਼ ਸੁਰਿੰਦਰ ਕੌਰ ਵੱਲੋਂ ਗਾਇਨ ਕੀਤੇ ਪਾਵਨ ਸ਼ਬਦ ਨਾਲ ਹੋਇਆ। ਮੰਚ ਦੇ ਜਨਰਲ ਸਕੱਤਰ ਬਲਬੀਰ ਜਲਾਲਾਬਾਦੀ ਨੇ ਲੇਖਕ ਦੀ ਸਿਰਜਣ ਪ੍ਰਕਿਰਿਆ ਅਤੇ ਪੁਸਤਕਾਂ ਬਾਰੇ ਸੰਖੇਪ ਜਾਣ ਪਛਾਣ ਕਰਵਾਈ। ਮੰਚ ਦੇ ਪ੍ਰਧਾਨ ਡਾ. ਜੀ.ਐਸ. ਆਨੰਦ ਨੇ ਮੰਚ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸਮਾਗਮ ਵਿੱਚ ਹਾਜ਼ਰ ਸ਼ਖਸੀਅਤਾਂ ਨੂੰ ÷ਜੀ ਆਇਆਂ÷ ਆਖਿਆ। ਮੁੱਖ ਮਹਿਮਾਨ ਦੇ ਤੌਰ ਤੇ ਹਾਜ਼ਰ ਹੋਏ ਸ੍ਰ. ਸੁਖਦੇਵ ਸਿੰਘ ਸ਼ਾਂਤ ਨੇ ਦੋਹਰੀ ਭੂਮਿਕਾ ਨਿਭਾਉਂਦਿਆ ਪੁਸਤਕ ÷ਮੁੱਦਾ ਖਤਮ÷ 'ਤੇ ਭਾਵਪੂਰਤ ਪੇਪਰ ਪੜ੍ਹਿਆ। ਪੁਸਤਕਾਂ ਪ੍ਰਤੀ ਲੋਕਾਂ ਦੇ ਖੁਰਦੇ ਜਾ ਰਹੇ ਮੋਹ ਬਾਰੇ ਬੋਲਦਿਆਂ ਉਹਨਾਂ ਕਿਹਾ ਕਿ ਜਿਹੜੇ ਲੋਕ ਲਾਇਬ੍ਰੇਰੀ ਦੇ ਸਾਹਿਤਕ ਵਿਰਸੇ ਨੂੰ ਖਾ ਜਾਂਦੇ ਹਨ ਅਸਲ ਵਿੱਚ ਉਹ ਸਮਾਜ ਦੇ ਕੀੜੇ ਹੁੰਦੇ ਹਨ। ਪੇਪਰ ਤੇ ਹਾਜ਼ਰ ਵਿਦਵਾਨਾਂ ਵਲੋਂ ਉਸਾਰੂ ਬਹਿਸ ਅਤੇ ਚਰਚਾ ਕੀਤੀ ਗਈ। ਡਾ. ਮੀਤ ਖੱਟੜਾ ਨੇ ਕਿਹਾ ਕਿ ਲੇਖਕ ਨੇ ਆਪਣੀ ਪੁਸਤਕ ਮੁੱਦਾ ਖਤਮ ਵਿੱਚ ਜਾਤਪਾਤੀ ਪਾੜੇ ਦੇ ਸੰਕਟ ਨੂੰ ਮੇਟਣ ਦਾ ਅਹਿਦ ਲੈਂਦਿਆਂ ਸੁਨੇਹਾ ਦਿੱਤਾ ਹੈ ਕਿ ਬੱਚਿਆਂ ਦੇ ਕੋਮਲਭਾਵੀ ਮਨਾਂ 'ਤੇ ਨਫਰਤਾਂ ਦੇ ਕੰਡੇ ਨਹੀਂ ਬੀਜਣੇ ਚਾਹੀਦੇ। ਪੁਆਧੀ ਲੇਖਕ ਡਾ. ਗੁਰਮੀਤ ਸਿੰਘ ਬੈਦਵਾਣ ਦਾ ਕਥਨ ਸੀ ਕਿ ਸਮਾਜ ਦੀਆਂ ਵਿਅਕਤੀਗਤ ਚੋਭਾਂ ਹੀ ਲੇਖਕ ਦੇ ਅੰਦਰੋਂ ਸੁਲਘਦੀਆਂ ਹੋਈਆਂ ਰਚਨਾਵਾਂ ਬਣ ਕੇ ਬਾਹਰ ਨਿਕਲਦੀਆਂ ਹਨ। ਦੋਨਾਂ ਪੁਸਤਕਾਂ ਦੀ ਵਿਚਾਰ ਚਰਚਾ ਵਿੱਚ ਉਪਰੋਕਤ ਤੋਂ ਇਲਾਵਾ, ਦਰਸ਼ਨ ਸਿੰਘ ਬਨੂੜ, ਸੁਖਦੇਵ ਸਿੰਘ ਢੀਂਡਸਾ, ਬੱਚੀ ਇਮਾਨਪ੍ਰੀਤ ਕੌਰ ਸਮੇਤ ਨਰੇਸ਼ ਕੁਮਾਰੀ ਨਿਊਜੀਲੈਂਡ, ਕੁਲਵੰਤ ਸਿੰਘ ਨਾਰੀਕੇ ਅਤੇ ਕੁਲਵੰਤ ਸੈਦੋਕੇ ਨੇ ਵੀ ਹਿੱਸਾ ਲਿਆ। ਕਵਿਤਾ ਦੇ ਸੈਸ਼ਨ ਵਿੱਚ ਹਾਜ਼ਰ ਕਵੀਆਂ ਵਿਚੋਂ ਗੁਰਚਰਨ ਪੱਬਾਰਾਲੀ, ਹਰੀਦੱਤ ਹਬੀਬ ਗੁਰਦਰਸ਼ਨ ਸਿੰਘ ਗੁਸੀਲ, ਬਚਨ ਸਿੰਘ ਗੁਰਮ, ਚੰਨ ਪਟਿਆਲਵੀ, ਚਰਨ ਪੁਆਧੀ, ਸਤੀਸ਼ ਵਿਦਰੋਹੀ, ਜਸਵੀਰ ਚੋਟੀਆਂ ਮੱਖਣ ਸਿੰਘ ਸੇਖੂਵਾਸ ਬਲਵਿੰਦਰ ਸਿੰਘ ਰਾਜ਼, ਦਰਸ਼ਨ ਸਿੰਘ ਪਸਿਆਣਾ, ਗੁਰਪ੍ਰੀਤ ਮੀਤ, ਤੇਜਿੰਦਰ ਅਨਜਾਣਾ, ਹਰਦੀਪ ਕੌਰ ਜੱਸੋਵਾਲ, ਨਰਸਿੰਗ ਤਨਹਾ, ਜਗਜੀਤ ਸਿੰਘ ਸਾਹਨੀ, ਜੱਗਾ ਰੰਗੂਵਾਲ, ਬਲਬੀਰ ਸਿੰਘ ਦਿਲਦਾਰ, ਇੰਜ: ਸਤਨਾਮ ਸਿੰਘ ਮੱਟੂ, ਕਿਰਪਾਲ ਮੂਣਕ, ਲਖਵਿੰਦਰ ਸਿੰਘ ਕਕਰਾਲਾ, ਪ੍ਰੇਮ ਮੌਲਵੀਵਾਲਾ, ਧੰਨਾ ਸਿੰਘ ਖਰੌੜ, ਬਜਿੰਦਰ ਠਾਕੁਰ, ਹਰੀਸ਼ ਪਟਿਆਲਵੀ, ਸਰਬਜੀਤ ਕੌਰ ਸਮਾਣਾ, ਹੰਸ ਕਲੇਰ, ਸੁਖਮਨੀ ਕੌਰ, ਦੇਵ ਸ਼ਰਮਾ ਅਤੇ ਸਨੇਹਦੀਪ ਕੌਰ ਸਮੇਤ ਸੌ ਤੋਂ ਜਿਆਦਾ ਸਾਹਿਤਕਾਰਾਂ ਨੇ ਸ਼ਮੂਲੀਅਤ ਕੀਤੀ। ਫੋਟੋਗ੍ਰਾਫੀ ਸੈਸ਼ਨ ਮੰਚ ਦੇ ਪੀ.ਆਰ.ਓ. ਜੋਗਾ ਸਿੰਘ ਧਨੌਲਾ ਵੱਲੋਂ ਬਾਖੂਬੀ ਸ਼ੂਟ ਕੀਤਾ ਗਿਆ।

# ਭਾਰਤੀਆਂ ਦੀ ਵਿਲੱਖਣਤਾ ਦੀ ਗੱਲ ਕਰਦੀ ਹੈ ਅਨੇਕ: ਆਯੂਸ਼ਮਾਨ



ਅਦਾਕਾਰ ਆਯੂਸ਼ਮਾਨ ਖੁਰਾਨਾ ਦੀ ਨਵੀਂ ਆ ਰਹੀ ਫਿਲਮ 'ਅਨੇਕ' ਦੇ ਟਰੇਲਰ ਨੂੰ ਦਰਸ਼ਕਾਂ ਵੱਲੋਂ ਮਿਲੇ ਪਿਆਰ ਤੋਂ ਉਤਸ਼ਾਹਿਤ ਹੋਏ ਅਦਾਕਾਰ ਨੇ ਕਿਹਾ ਕਿ ਨਿਰਦੇਸ਼ਕ ਅਨੁਭਵ ਸਿਨਹਾ ਸ਼ੁਰੂ ਤੋਂ ਹੀ ਇੱਕ ਅਜਿਹੀ ਫਿਲਮ ਬਣਾਉਣਾ ਚਾਹੁੰਦੇ ਸਨ, ਜੋ ਸਾਨੂੰ ਭਾਰਤੀਆਂ ਨੂੰ ਆਪਣੀ ਹੋਂਦ ਬਾਰੇ ਸੋਚਣ ਲਈ ਮਜਬੂਰ ਕਰ ਦੇਵੇ। ਆਯੂਸ਼ਮਾਨ ਨੇ ਕਿਹਾ, 'ਅਸੀਂ ਸਾਰੀ ਦੁਨੀਆ ਤੋਂ ਵੱਖਰੇ ਤੇ ਅਨੋਖੇ ਹਾਂ, ਪਰ ਕੀ ਅਸੀਂ ਆਪਣੀ ਇਸ ਤਾਕਤ ਤੋਂ ਜਾਣੂ ਹਾਂ ? ਫਿਲਮ 'ਅਨੇਕ' ਇਸੇ ਸਵਾਲ ਵੱਲ ਇਸ਼ਾਰਾ ਕਰਦੀ ਹੋਈ ਇਸ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਦੀ ਹੈ। ਇਹੀ ਕਾਰਨ ਹੈ ਕਿ ਇਹ ਫਿਲਮ ਮੇਰੇ ਲਈ ਇੰਨੀ ਖਾਸ ਹੈ।' ਅਦਾਕਾਰ ਨੇ ਕਿਹਾ ਕਿ ਉਹ ਸਦਾ ਹੀ ਲੀਹ ਤੋਂ ਵੱਖਰੀਆਂ ਫਿਲਮਾਂ ਕਰਨ ਦਾ ਚਾਹਵਾਨ ਰਿਹਾ ਹੈ ਤੇ 'ਅਨੇਕ' ਇਸ ਸੂਚੀ ਵਿੱਚ ਸਭ ਤੋਂ ਪਹਿਲੇ ਨੰਬਰ 'ਤੇ ਆਉਂਦੀ ਹੈ। ਆਯੂਸ਼ਮਾਨ ਨੇ ਕਿਹਾ, 'ਮੈਂ ਇਸ ਫਿਲਮ ਦੇ ਟਰੇਲਰ ਨੂੰ ਮਿਲੇ ਪਿਆਰ ਤੋਂ ਬਹੁਤ ਖੁਸ਼ ਹਾਂ। ਇਸ ਫਿਲਮ ਨੇ ਭਾਰਤੀਆਂ ਦੇ ਦਿਲਾਂ ਦੇ ਤਾਰ ਛੇੜ ਦਿੱਤੇ ਹਨ।

# ਸਮਾਜਿਕ ਸਰੋਕਾਰਾਂ ਨਾਲ ਜੁੜੀ ਫਿਲਮ 'ਮਾਂ'

ਮਾਂ ਦਿਵਸ 'ਤੇ ਰਿਲੀਜ਼ ਹੋਈ ਹੰਬਲ ਮੋਸ਼ਨ ਪਿਕਚਰਜ਼ ਦੀ ਫ਼ਿਲਮ 'ਮਾਂ' ਆਪਣੇ ਬੱਚਿਆਂ, ਪਰਿਵਾਰ ਪ੍ਰਤੀ ਸਿਦਕ, ਕੁਰਬਾਨੀ ਅਤੇ ਨਸ਼ਿਆਂ ਨਾਲ ਤਬਾਹ ਹੋ ਰਹੀਆਂ ਜਵਾਨੀਆਂ ਵਰਗੇ ਸਮਾਜਿਕ ਮੁੱਦਿਆਂ 'ਤੇ ਆਧਾਰਿਤ ਕਹਾਣੀ ਹੈ। ਰਾਣਾ ਰਣਬੀਰ ਦੀ ਲਿਖੀ ਇਸ ਫਿਲਮ ਵਿੱਚ ਦਿੱਵਿਆ ਦੱਤਾ ਨੇ 'ਮਾਂ' (ਮਨਜੀਤ ਕੌਰ) ਦੀ ਕੇਂਦਰੀ ਭੂਮਿਕਾ ਨਿਭਾਈ ਹੈ। ਗੁਰਪ੍ਰੀਤ ਘੁੱਗੀ ਨੇ ਉਸ ਦੇ ਪਤੀ (ਪਰਗਟ) ਦਾ ਕਿਰਦਾਰ ਨਿਭਾਇਆ ਹੈ।

ਫਿਲਮ ਦੀ ਕਹਾਣੀ ਜੱਗ ਜਣਨੀਂ 'ਮਾਂ' ਤੇ ਉਸ ਦੇ ਪੁੱਤਰਾਂ 'ਤੇ ਆਧਾਰਿਤ ਹੈ ਜੋ ਧਰਤੀ ਮਾਂ ਦੀਆਂ ਵੰਡੀਆਂ ਵਾਂਗ ਅਜੋਕੇ ਸਮਾਜ ਦੀ ਗੱਲ ਕਰਦੀ ਹੈ। ਇੱਕ ਪੁੱਤ ਬੱਬਲ ਰਾਏ ਹੈ ਤੇ ਦੂਜਾ ਗਿੱਪੀ ਗਰੇਵਾਲ। ਦੋਵਾਂ ਪੁੱਤਰਾਂ ਦੀ ਸੋਚ, ਕਹਿਣੀ ਤੇ ਕਰਨੀ ਵਿੱਚ ਫ਼ਰਕ ਹੈ। ਬੱਬਲ ਰਾਏ ਗੁਰਪ੍ਰੀਤ ਘੁੱਗੀ ਦਾ ਪੁੱਤਰ ਹੈ ਜਦੋਂ ਕਿ ਗਿੱਪੀ ਗਰੇਵਾਲ ਜੋਗੇ ਸੀਰੀ ਦਾ। ਜਦੋਂ ਗਿੱਪੀ ਦੀ ਮਾਂ ਉਸ ਨੂੰ ਜਨਮ ਦਿੰਦਿਆਂ ਹੀ ਰੱਬ ਨੂੰ ਪਿਆਰੀ ਹੋ ਜਾਂਦੀ ਹੈ ਤਾਂ ਮਨਜੀਤ ਤੇ ਪਰਗਟ



'ਮਾਸੂਮ ਗਿੱਪੀ' ਨੂੰ ਆਪਣਾ ਪੁੱਤ ਬਣਾ ਕੇ ਪਾਲਦੇ ਹਨ। ਬੱਬਲ ਰਾਏ ਤੇ ਗਿੱਪੀ ਦੋਵੇਂ ਇੱਕ ਮਾਂ ਦਾ ਦੁੱਧ ਪੀ ਕੇ ਵੱਡੇ ਹੁੰਦੇ ਹਨ। ਅੱਗੇ ਚੱਲ ਕੇ ਫਿਲਮ ਦੀ ਕਹਾਣੀ ਵਿੱਚ ਕਈ ਅਹਿਮ ਮੋੜ ਆਉਂਦੇ ਹਨ।

ਜਦੋਂ ਪਰਗਟ ਦਾ ਕਤਲ ਹੋ ਜਾਂਦਾ ਹੈ ਤਾਂ ਸ਼ਰੀਕਾਂ ਦੀ ਅੱਖ ਉਨ੍ਹਾਂ ਦੀ ਜ਼ਮੀਨ 'ਤੇ ਹੁੰਦੀ ਹੈ। ਮਨਜੀਤ ਕੌਰ 'ਬੰਦਿਆਂ ਵਾਂਗ' ਖੇਤਾਂ ਵਿੱਚ ਕੰਮ ਕਰਦੀ ਆਪਣੇ ਖੇਤਾਂ ਅਤੇ ਪੁੱਤਾਂ ਨੂੰ ਪਾਲਦੀ ਹੈ। ਸਮਾਜ ਦੇ ਤਾਅਨੇ ਮਿਹਣਿਆਂ ਦੀ ਪਰਵਾਹ ਕੀਤਿਆਂ ਵਗੈਰ ਉਹ ਹੱਕ, ਸੱਚ ਤੇ ਮਿਹਨਤ ਦਾ ਪੱਲਾ ਫੜੀ ਰੱਖਦੀ ਹੈ। ਫਿਲਮ ਦਾ ਕਲਾਈਮੈਕਸ ਬਹੁਤ ਭਾਵੁਕਤਾ ਭਰਿਆ ਹੈ। ਕੁੱਲ ਮਿਲਾ ਕੇ ਇਹ ਫਿਲਮ ਮਾਂ ਦੀ ਆਪਣੇ ਬੱਚਿਆਂ, ਪਰਿਵਾਰ ਪ੍ਰਤੀ ਸਿਦਕ, ਕੁਰਬਾਨੀ ਤੇ ਸਮਰਪਣ ਦੀ ਕਹਾਣੀ ਹੈ। ਇਸ ਫਿਲਮ ਰਾਹੀਂ ਨਸ਼ਿਆਂ ਦੇ ਡੰਗੇ ਨੌਜਵਾਨਾਂ 'ਤੇ ਵੀ ਚਿੰਤਾ ਪ੍ਰਗਟਾਈ ਗਈ ਹੈ। ਦਿੱਵਿਆ ਦੱਤਾ ਪੰਜਾਬੀ ਤੇ ਹਿੰਦੀ ਸਿਨਮਾ ਦੀ ਨਾਮੀਂ ਅਦਾਕਾਰਾ ਹੈ। ਫਿਲਮ 'ਸ਼ਹੀਦ-ਏ-ਮੁਹੱਬਤ ਬੂਟਾ ਸਿੰਘ' ਦੇ ਲੰਮੇ ਵਕਫ਼ੇ ਤੋਂ ਬਾਅਦ ਇਸ ਫਿਲਮ ਰਾਹੀਂ ਉਹ ਮਾਂ ਦੇ ਪ੍ਰਭਾਵਸ਼ਾਲੀ ਕਿਰਦਾਰ ਵਿੱਚ ਨਜ਼ਰ ਆਈ ਹੈ। ਉਸ ਦਾ ਇਹ ਕਿਰਦਾਰ ਦਰਸ਼ਕਾਂ ਨੂੰ ਪ੍ਰਭਾਵਿਤ ਕਰਦਾ ਹੈ।

ਗੁਰਪ੍ਰੀਤ ਘੁੱਗੀ ਦੀ ਗੱਲ ਕਰੀਏ ਤਾਂ 'ਅਰਦਾਸ' ਵਾਂਗ ਇਸ ਫਿਲਮ ਵਿੱਚ ਵੀ ਉਸ ਦਾ ਕਿਰਦਾਰ ਕਾਮੇਡੀ ਕਿਰਦਾਰਾਂ ਤੋਂ ਹਟਕੇ ਭਾਵੁਕਤਾ ਭਰਿਆ ਹੈ। ਉਸ ਦੀਆਂ ਨਸੀਹਤ ਭਰੀਆਂ ਗੱਲਾਂ ਸਭ ਨੂੰ ਚੰਗੀਆਂ ਲੱਗਦੀਆਂ ਹਨ। ਆਸ਼ੀਸ਼ ਦੁੱਗਲ, ਰਾਣਾ ਰਣਬੀਰ, ਨਿਰਮਲ ਰਿਸ਼ੀ, ਪ੍ਰਕਾਸ਼ ਗਾਧੂ, ਪ੍ਰਿੰਸ ਕੰਵਲਜੀਤ ਸਿੰਘ ਅਤੇ ਰਘਬੀਰ ਬੋਲੀ ਦੀ ਅਦਾਕਾਰੀ ਵੀ ਕਾਬਲੇਗੌਰ ਹੈ। ਗਿੱਪੀ ਗਰੇਵਾਲ ਦੀ ਬਤੌਰ ਨਿਰਮਾਤਾ ਸਿਫ਼ਤ ਕਰਨੀ ਬਣਦੀ ਹੈ ਕਿ ਉਹ ਕਾਮੇਡੀ ਤੇ ਸੰਗੀਤਕ ਫਿਲਮਾਂ ਦੇ ਨਾਲ ਨਾਲ ਇੱਕ ਫਿਲਮ ਸਮਾਜ ਪ੍ਰਤੀ ਗੰਭੀਰਤਾ ਭਰੀ ਵੀ ਜ਼ਰੂਰ ਦਿੰਦਾ ਹੈ। ਇਸ ਫਿਲਮ ਵਿੱਚ ਗਿੱਪੀ ਗਰੇਵਾਲ, ਦਿੱਵਿਆ ਦੱਤਾ, ਗੁਰਪ੍ਰੀਤ ਘੁੱਗੀ, ਬੱਬਲ ਰਾਏ, ਰਾਣਾ ਰਣਬੀਰ, ਪ੍ਰਿੰਸ ਕੰਵਲਜੀਤ, ਰਘਬੀਰ ਬੋਲੀ, ਵੱਡਾ ਗਰੇਵਾਲ, ਆਸ਼ੀਸ ਦੁੱਗਲ, ਅਰੁਸ਼ੀ ਸ਼ਰਮਾ ਨਿਰਮਲ ਰਿਸ਼ੀ, ਗੁਰਪ੍ਰੀਤ ਭੰਗੂ, ਮਲਕੀਤ ਰੌਣੀ, ਤਰਸੇਮ ਪਾਲ ਅਤੇ ਪ੍ਰਕਾਸ਼ ਗਾਧੂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦਾ ਡਾਇਰੈਕਟਰ ਬਲਜੀਤ ਸਿੰਘ ਦਿਓ ਹੈ। ਸਰਦੂਲ ਸਿਕੰਦਰ, ਅਮਰ ਨੂਰੀ, ਹਰਭਜਨ ਮਾਨ, ਫ਼ਿਰੋਜ ਖਾਨ, ਕਮਲ ਖਾਨ, ਕਰਮਜੀਤ ਅਨਮੋਲ, ਰਿੱਕੀ ਖਾਨ ਨੇ ਇਸ ਫਿਲਮ ਲਈ ਪਲੇਅ ਬੈਕ ਗਾਇਆ ਹੈ। ਜ਼ਿਕਰਯੋਗ ਹੈ ਕਿ ਗਿੱਪੀ ਗਰੇਵਾਲ ਤੇ ਰਾਣਾ ਰਣਬੀਰ ਨੇ ਰੰਗਮੰਚ ਕਲਾਕਾਰਾਂ ਦੀ ਕਦਰ ਕਰਦਿਆਂ ਬਰਨਾਲੇ ਦੀ ਰੰਗਮੰਚ ਕਲਾਕਾਰ ਰੇਸ਼ਮ ਚੌਹਾਨ ਨੂੰ ਵੀ ਇੱਕ ਚੰਗੇ ਕਿਰਦਾਰ ਵਿੱਚ ਵੱਡੇ ਪਰਦੇ 'ਤੇ ਲਿਆਂਦਾ ਹੈ।

## ਰਾਜ ਕੁਮਾਰ ਰਾਓ ਦੀ ਫ਼ਿਲਮ 15 ਜੁਲਾਈ ਨੂੰ ਹੋਵੇਗੀ ਰਿਲੀਜ਼



ਅਦਾਕਾਰ ਰਾਜਕੁਮਾਰ ਰਾਓ ਅਤੇ ਸਾਨਿਆ ਮਲਹੋਤਰਾ ਦੀ ਆਉਣ ਵਾਲੀ ਫ਼ਿਲਮ 'ਐੱਚਆਈਟੀ- ਦਿ ਫਰਸਟ ਕੇਸ' 15 ਜੁਲਾਈ ਨੂੰ ਰਿਲੀਜ਼ ਹੋਵੇਗੀ। ਇਹ ਜਾਣਕਾਰੀ ਫ਼ਿਲਮ ਦੀ ਟੀਮ ਨੇ ਸ਼ੁੱਕਰਵਾਰ ਨੂੰ ਦਿੱਤੀ ਹੈ। 'ਐੱਚਆਈਟੀ' (ਹੋਮੀਸਾਈਡ ਇੰਟਰਵੈਨਸ਼ਨ ਟੀਮ) ਇੱਕ ਪੁਲੀਸ ਅਫ਼ਸਰ (ਰਾਓ) ਦੀ ਕਹਾਣੀ ਹੈ, ਜੋ ਇੱਕ ਲਾਪਤਾ ਔਰਤ ਦੀ ਭਾਲ ਵਿੱਚ ਹੈ। ਇਹ ਫ਼ਿਲਮ ਸਾਲ 2020 ਵਿੱਚ ਇਸੇ ਨਾਮ ਹੇਠ ਬਣੀ ਤੇਲਗੂ ਫ਼ਿਲਮ ਦਾ ਰੀਮੇਕ ਹੈ, ਜਿਸਦਾ ਨਿਰਦੇਸ਼ਨ ਸੈਲੇਸ਼ ਕੋਲਾਨੂ ਨੇ ਕੀਤਾ ਸੀ। ਭੂਸ਼ਨ ਕੁਮਾਰ ਦੇ ਪ੍ਰੋਡਕਸ਼ਨ ਬੈਨਰ ਟੀ-ਸੀਰੀਜ਼ ਨੇ ਇਸ ਫ਼ਿਲਮ ਦੀ ਰਿਲੀਜ਼ ਮਿਤੀ ਸਬੰਧੀ ਜਾਣਕਾਰੀ ਟਵਿੱਟਰ 'ਤੇ ਸਾਂਝੀ ਕੀਤੀ ਹੈ। ਪ੍ਰੋਡਕਸ਼ਨ ਹਾਊਸ ਨੇ ਟਵੀਟ ਕਰਦਿਆਂ ਦੱਸਿਆ," ਐੱਚਆਈਟੀ-ਦਿ ਫਰਸਟ ਕੇਸ' 15 ਜੁਲਾਈ ਨੂੰ ਸਿਨੇਮਾ ਘਰਾਂ ਦਾ ਸ਼ਿੰਗਾਰ ਬਣਨ ਜਾ ਰਹੀ ਹੈ।" ਇਹ ਫ਼ਿਲਮ ਪਹਿਲਾਂ 20 ਮਈ ਨੂੰ ਰਿਲੀਜ਼ ਹੋਣੀ ਸੀ। 'ਐੱਚਆਈਟੀ-ਦਿ ਫਰਸਟ ਕੇਸ' ਦਾ ਨਿਰਮਾਣ ਭੂਸ਼ਨ ਕੁਮਾਰ, ਦਿਲ ਰਾਜੂ, ਕ੍ਰਿਸ਼ਨ ਕੁਮਾਰ ਅਤੇ ਕੁਲਦੀਪ ਰਾਠੌਰ ਨੇ ਕੀਤਾ ਹੈ।

# 'ਪੁਸ਼ਪਾ 2' ਲਈ ਅੱਲੂ ਅਰਜੁਨ ਨੇ ਵਸੂਲੇ 100 ਕਰੋੜ



ਪਿਛਲੇ ਸਾਲ ਦਸੰਬਰ 'ਚ ਰਿਲੀਜ਼ ਹੋਈ ਫਿਲਮ 'ਪੁਸ਼ਪਾ- ਦ ਰਾਈਜ਼' ਨੇ ਦੱਖਣ ਤੋਂ ਲੈ ਕੇ ਉੱਤਰ ਤੱਕ ਕਾਫੀ ਧਮਾਲ ਮਚਾਈ ਸੀ। ਫਿਲਮ ਨੇ ਹਫ਼ਤਿਆਂ ਤੱਕ ਸਿਨੇਮਾਘਰਾਂ 'ਤੇ ਦਬਦਬਾ ਬਣਾਇਆ ਅਤੇ ਇੱਕ ਬਲਾਕਬਸਟਰ ਸਾਬਤ ਹੋਈ। ਦਰਸ਼ਕ ਅਜੇ ਵੀ ਮੁੱਖ ਅਦਾਕਾਰ ਅੱਲੂ ਅਰਜੁਨ ਦੇ ਸਟਾਈਲ ਦੇ ਦੀਵਾਨੇ ਹਨ ਅਤੇ ਇਹੀ ਕਾਰਨ ਹੈ ਕਿ ਉਹ ਅੱਲੂ ਨੂੰ ਪਰਦੇ 'ਤੇ ਦੁਬਾਰਾ ਦੇਖਣ ਲਈ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਇਸ ਦੇ ਨਾਲ ਹੀ ਫਿਲਮ ਦੇ ਨਿਰਮਾਤਾ ਵੀ 'ਪੁਸ਼ਪਾ 2' ਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਧਮਾਕੇਦਾਰ ਬਣਾਉਣ 'ਚ ਕੋਈ ਕਸਰ ਨਹੀਂ ਛੱਡ ਰਹੇ ਹਨ। ਇਸ ਦੌਰਾਨ ਅੱਲੂ ਅਰਜੁਨ ਦੀ ਫੀਸ ਨਾਲ ਜੁੜੀ ਖਬਰ ਸਾਹਮਣੇ ਆਈ ਹੈ, ਜਿਸ ਨੂੰ ਸੁਣ ਕੇ ਹਰ ਕਿਸੇ ਦਾ ਸਿਰ ਹਿਲਾ ਕੇ ਰੱਖ ਦਿੱਤਾ ਹੈ।

ਅੱਲੂ ਨੇ ਭਾਗ ਇੱਕ ਵਿੱਚ ਲਾਲ ਚੰਦਨ ਦੀ ਲੱਕੜ ਦੇ ਤਸਕਰ ਪੁਸ਼ਪਾ ਰਾਜ ਦੇ ਕਿਰਦਾਰ ਨਾਲ ਕਰੋੜਾਂ ਲੋਕਾਂ ਦਾ ਦਿਲ ਜਿੱਤ ਲਿਆ। ਇਸ ਦੇ ਨਾਲ ਉਹ ਪੈਨ ਇੰਡੀਆ ਅਦਾਕਾਰਾਂ ਦੀ ਸੂਚੀ ਵਿੱਚ ਵੀ ਸ਼ਾਮਲ ਹੋ ਗਿਆ ਹੈ। ਹੁਣ ਅਜਿਹੀ ਸਥਿਤੀ 'ਚ ਉਨ੍ਹਾਂ ਦੀ ਫੀਸ ਵਧਣੀ ਯਕੀਨੀ ਸੀ ਪਰ ਅਦਾਕਾਰ ਨੇ 'ਪੁਸ਼ਪਾ 2' ਲਈ ਪੂਰੇ ਬਜਟ ਦਾ ਇਕ ਚੌਥਾਈ ਹਿੱਸਾ ਆਪਣੀ ਫੀਸ ਵਜੋਂ ਇਕੱਠਾ ਕਰ ਲਿਆ ਹੈ। 'ਪੁਸ਼ਪਾ' ਦੇ ਪਹਿਲੇ ਭਾਗ ਦਾ ਬਜਟ 200 ਕਰੋੜ ਸੀ, ਜਦਕਿ ਸੀਕਵਲ ਦਾ ਬਜਟ ਵਧਾ ਕੇ 400 ਕਰੋੜ ਕਰ ??ਦਿੱਤਾ ਗਿਆ ਹੈ। ਖਬਰਾਂ ਮੁਤਾਬਕ ਅੱਲੂ ਨੇ 'ਪੁਸ਼ਪਾ 2' ਲਈ 100 ਕਰੋੜ ਰੁਪਏ ਚਾਰਜ ਕੀਤੇ ਹਨ। ਇਹ ਸੁਣ ਕੇ ਹਰ ਕੋਈ ਹੈਰਾਨ ਰਹਿ ਗਿਆ ਹੈ। ਜੇਕਰ ਅੱਲੂ ਨੇ ਇੰਨੀ ਫੀਸ ਲਈ ਹੈ, ਤਾਂ ਇਹ ਕਿਸੇ ਫਿਲਮ ਲਈ ਹੁਣ ਤੱਕ ਲਈ ਸਭ ਤੋਂ ਵੱਧ ਫੀਸ ਹੈ।

ਫਿਲਮ ਦੀ ਗੱਲ ਕਰੀਏ ਤਾਂ ਸੁਕੁਮਾਰ ਦੁਆਰਾ ਨਿਰਦੇਸ਼ਤ 'ਪੁਸ਼ਪਾ' ਦੇ ਸੀਕਵਲ ਲਈ ਕੰਮ ਜ਼ੋਰਾਂ 'ਤੇ ਚੱਲ ਰਿਹਾ ਹੈ ਅਤੇ ਫਿਲਮ ਜਲਦੀ ਹੀ ਫਲੋਰ 'ਤੇ ਜਾਵੇਗੀ। ਇਸ ਦੇ ਨਾਲ 'ਪੁਸ਼ਪਾ 2' ਨੂੰ ਅਗਲੇ ਸਾਲ ਯਾਨੀ 2023 'ਚ ਰਿਲੀਜ਼ ਕਰਨ ਦੀ ਯੋਜਨਾ ਹੈ। ਫਿਲਮ ਦੇ ਭਾਗ 2 ਵਿੱਚ ਰਸ਼ਮਿਕਾ ਮੰਡਾਨਾ ਇੱਕ ਵਾਰ ਫਿਰ ਅੱਲੂ ਦੇ ਨਾਲ ਸ਼੍ਰੀਵੱਲੀ ਨਾਲ ਰੋਮਾਂਸ ਕਰਦੀ ਨਜ਼ਰ ਆਵੇਗੀ।

## ਸਲਮਾਨ ਖਾਨ ਨੇ ਸਾਂਝਾ ਕੀਤਾ 'ਧਾਕੜ' ਦਾ ਟਰੇਲਰ



ਸੁਪਰ ਸਟਾਰ ਸਲਮਾਨ ਖ਼ਾਨ ਨੇ ਕੰਗਣਾ ਰਣੌਤ ਦੀ ਨਵੀਂ ਫਿਲਮ 'ਧਾਕੜ' ਦਾ ਟਰੇਲਰ ਆਪਣੇ ਪ੍ਰਸ਼ੰਸਕਾਂ ਨਾਲ ਸਾਂਝਾ ਕੀਤਾ, ਜਿਸ ਮਗਰੋਂ ਕੰਗਣਾ ਨੇ ਉਸ ਦਾ ਧੰਨਵਾਦ ਕਰਦਿਆਂ ਆਖਿਆ 'ਮੈਂ ਹੁਣ ਕਦੇ ਨਹੀਂ ਆਖਾਂਗੀ ਕਿ ਮੈਂ ਫ਼ਿਲਮ ਜਗਤ ਵਿੱਚ ਇਕੱਲੀ ਹਾਂ।' ਸਲਮਾਨ ਨੇ ਇਹ ਟਰੇਲਰ ਵੀਰਵਾਰ ਨੂੰ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਸਾਂਝਾ ਕਰਦਿਆਂ ਆਖਿਆ ਸੀ, 'ਫਿਲਮ 'ਧਾਕੜ' ਦੀ ਟੀਮ ਨੂੰ ਬਹੁਤ-ਬਹੁਤ ਸ਼ੁਭਕਾਮਨਾਵਾਂ।' ਸਲਮਾਨ ਨੇ ਆਪਣੀ ਇਸ ਪੋਸਟ ਨਾਲ ਕੰਗਣਾ ਤੇ ਅਦਾਕਾਰ ਅਰਜੁਨ ਰਾਮਪਾਲ ਨੂੰ ਵੀ ਟੈਗ ਕੀਤਾ ਸੀ। ਰਾਜ਼ਨੀਸ਼ ਘਈ ਵੱਲੋਂ ਨਿਰਦੇਸ਼ਿਤ ਇਸ ਫ਼ਿਲਮ ਵਿੱਚ ਕੰਗਣਾ ਜਾਸੂਸ ਬਣੀ ਹੋਈ ਹੈ। ਸਲਮਾਨ ਦਾ ਸ਼ੁਭਕਾਮਨਾਵਾਂ ਲਈ ਧੰਨਵਾਦ ਕਰਦਿਆਂ ਅਦਾਕਾਰਾ ਨੇ ਆਖਿਆ, 'ਸੋਨੇ ਦੇ ਦਿਲ ਵਾਲੇ ਦਬੰਗ ਹੀਰੋ ਤੁਹਾਡਾ ਸ਼ੁਕਰੀਆ ! ਮੈਂ ਹੁਣ ਕਦੇ ਨਹੀਂ ਕਹਾਂਗੀ ਕਿ ਮੈਂ ਸਿਨੇ ਜਗਤ ਵਿੱਚ ਇਕੱਲੀ ਹਾਂ...'ਧਾਕੜ' ਦੀ ਸਾਰੀ ਟੀਮ ਵੱਲੋਂ ਤੁਹਾਡਾ ਬਹੁਤ-ਬਹੁਤ ਧੰਨਵਾਦ।' ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇੱਕ ਇੰਟਰਵਿਊ ਦੌਰਾਨ ਕੰਗਣਾ ਨੇ ਆਖਿਆ ਸੀ ਕਿ ਸਿਨੇ ਜਗਤ ਵਿੱਚ ਵੱਡੀ ਗਿਣਤੀ ਲੋਕ ਆਪਣੀਆਂ ਕਮਜ਼ੋਰੀਆਂ ਕਰਕੇ ਉਸ ਦੇ ਕੰਮ ਦੀ ਤਾਰੀਫ਼ ਨਹੀਂ ਕਰਦੇ।

## ਗੁਲਮੋਹਰ 'ਚ ਨਜ਼ਰ ਆਉਣਗੇ ਮਨੋਜ ਅਤੇ ਸ਼ਰਮੀਲਾ ਟੈਗੋਰ



ਅਦਾਕਾਰ ਮਨੋਜ ਬਾਜਪਾਈ, ਅਦਾਕਾਰਾ ਸ਼ਰਮੀਲਾ ਟੈਗੋਰ ਅਤੇ ਅਮੋਲ ਪਾਲੇਕਰ ਫ਼ਿਲਮ 'ਗੁਲਮੋਹਰ' ਵਿੱਚ ਇਕੱਠੇ ਨਜ਼ਰ ਆਉਣਗੇ। ਇਹ ਫ਼ਿਲਮ ਅਗਸਤ ਮਹੀਨੇ ਆਨਲਾਈਨ ਸਟ੍ਰੀਮਿੰਗ ਰਾਹੀਂ ਡਿਜ਼ਨੀ ਪਲੱਸ ਹੌਟਸਟਾਰ 'ਤੇ ਦੇਖੀ ਜਾ ਸਕੇਗੀ। ਇਸ ਫਿਲਮ ਵਿੱਚ ਸਿਮਰਨ ਰਿਸ਼ੀ ਬੱਗਾ ਵੀ ਨਜ਼ਰ ਆਵੇਗੀ। ਫ਼ਿਲਮ ਨਿਰਮਾਤਾਵਾਂ ਅਨੁਸਾਰ ਫਿਲਮ ਦੀ ਸ਼ੂਟਿੰਗ ਮੁਕੰਮਲ ਹੋ ਚੁੱਕੀ ਹੈ। ਇਸ ਫਿਲਮ ਨੂੰ ਇਸ ਸਾਲ ਅਗਸਤ ਵਿੱਚ ਲਾਂਚ ਕੀਤਾ ਜਾਵੇਗਾ। ਫਿਲਮ 'ਗੁਲਮੋਹਰ' ਦੀ ਕਹਾਣੀ ਬੱਤਰਾ ਪਰਿਵਾਰ ਦੇ ਦੁਆਲੇ ਘੁੰਮਦੀ ਹੈ। ਇਸ ਫਿਲਮ ਵਿੱਚ ਪਰਿਵਾਰ ਵੱਲੋਂ ਆਪਣੇ 35 ਸਾਲ ਪੁਰਾਣੇ ਘਰ ਨੂੰ ਛੱਡ ਕੇ ਜਾਣ ਦੀ ਕਹਾਣੀ ਨੂੰ ਦਿਖਾਇਆ ਗਿਆ ਹੈ। ਇਸ ਵਿੱਚ ਦਿਖਾਇਆ ਗਿਆ ਹੈ ਕਿ ਘਰ ਦੇ ਜੀਆਂ ਦਾ ਆਪਸੀ ਮੋਹ ਪਰਿਵਾਰ ਨੂੰ ਇਕੱਠਾ ਰੱਖਦਾ ਹੈ। ਸ਼ਰਮੀਲਾ ਟੈਗੋਰ ਇਸ ਤੋਂ ਪਹਿਲਾਂ ਸਾਲ 2010 ਵਿੱਚ ਆਈ ਕਾਮੇਡੀ ਫਿਲਮ 'ਬਰੇਕ ਕੇ ਬਾਅਦ' ਵਿੱਚ ਨਜ਼ਰ ਆਈ ਸੀ। ਬਾਜਪਾਈ ਨੇ ਕਿਹਾ ਕਿ ਉਸ ਵੱਲੋਂ ਇਸ ਫਿਲਮ ਨੂੰ ਚੁਣਨ ਦੇ ਕਈ ਕਾਰਨ ਹਨ ਜਿਵੇਂ ਇਹ ਫਿਲਮ ਦੀ ਕਹਾਣੀ ਤੁਹਾਨੂੰ ਆਪਣੇ ਨਾਲ ਜੁੜੀ ਹੋਈ ਜਾਪਦੀ ਹੈ। ਇਸ ਤੋਂ ਇਲਾਵਾ ਇਸ ਫਿਲਮ ਨਾਲ ਉਸ ਨੂੰ ਟੈਗੋਰ ਨਾਲ ਕੰਮ ਕਰਨ ਦਾ ਮੌਕਾ ਵੀ ਮਿਲਿਆ ਹੈ।

# ਕਾਮੇਡੀ ਵਿੱਚ ਔਰਤਾਂ ਨੂੰ ਬਰਾਬਰ ਮੌਕੇ ਨਹੀਂ ਮਿਲਦੇ ਕਿਆਰਾ ਅਡਵਾਨੀ



ਅਦਾਕਾਰਾ ਕਿਆਰਾ ਅਡਵਾਨੀ ਨੇ ਆਖਿਆ ਕਿ ਕਾਮੇਡੀ ਫ਼ਿਲਮਾਂ ਵਿੱਚ ਜ਼ਿਆਦਾਤਰ ਹਾਸਰਸ ਪਾਤਰ ਅਤੇ ਚੁਟਕਲੇ ਮਰਦ ਕਲਾਕਾਰਾਂ ਲਈ ਰਾਖਵੇਂ ਰੱਖੇ ਜਾਂਦੇ ਹਨ, ਇਸ ਲਈ ਮਹਿਲਾ ਕਲਾਕਾਰਾਂ ਦੇ ਕਰਨ ਜੋਗਾ ਕੋਈ ਖਾਸ ਅਤੇ ਵੱਡਾ ਕੰਮ ਨਹੀਂ ਬਚਦਾ। ਸਾਲ 2014 ਵਿੱਚ ਸਿਨੇ ਜਗਤ ਵਿੱਚ ਪੈਰ ਧਰਨ ਵਾਲੀ ਕਿਆਰਾ ਨੇ ਹੁਣ ਤੱਕ ਦੋ ਕਾਮੇਡੀ ਫਿਲਮਾਂ ਕੀਤੀਆਂ ਹਨ, ਜਿਨ੍ਹਾਂ ਵਿੱਚੋਂ ਇੱਕ 'ਗੁੱਡ ਨਿਊਜ਼' ਅਤੇ ਦੂਜੀ 'ਭੂਲ ਭੁਲੱਈਆ 2' ਹੈ। ਕਿਆਰਾ ਦਾ ਕਹਿਣਾ ਹੈ ਕਿ ਔਰਤਾਂ 'ਤੇ ਕੇਂਦਰਿਤ 'ਕੁਈਨ' ਤੇ 'ਤਨੂ ਵੈੱਡਜ਼ ਮਨੂ' ਵਰਗੀਆਂ ਫ਼ਿਲਮਾਂ ਨੂੰ ਛੱਡ ਕੇ ਜ਼ਿਆਦਾਤਰ ਵਿੱਚ ਮਹਿਲਾ ਅਦਾਕਾਰਾ ਦੀ ਭਾਗੀਦਾਰੀ ਨਾ ਦੇ ਬਰਾਬਰ ਹੀ ਹੁੰਦੀ ਹੈ। ਕਿਆਰਾ ਨੇ ਕਿਹਾ ਕਿ 'ਭੂਲ ਭੁਲੱਈਆ 2' ਵਿੱਚ ਉਸ ਨੂੰ ਕਾਰਤਿਕ ਆਰੀਅਨ, ਰਾਜਪਾਲ ਯਾਦਵ ਤੇ ਸੰਜੈ ਮਿਸ਼ਰਾ ਦੇ ਬਰਾਬਰ ਕਾਮੇਡੀ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ ਹੈ। ਕਿਆਰਾ ਨੇ ਕਿਹਾ, 'ਕਾਮੇਡੀ ਇੱਕ ਔਖਾ ਕੰਮ ਹੈ, ਪਰ ਮੈਂ ਨਹੀਂ ਮੰਨਦੀ ਕਿ ਇਸ ਨੂੰ ਬਹੁਤਾ ਮਾਣ-ਸਤਿਕਾਰ ਮਿਲਿਆ ਹੈ।' 'ਭੂਲ ਭੁਲੱਈਆ 2' ਇਸ ਮਹੀਨੇ ਦੀ 20 ਤਰੀਕ ਨੂੰ ਰਿਲੀਜ਼ ਕੀਤੀ ਜਾ ਰਹੀ ਹੈ।

# ਜ਼ੁਲਮ ਦੇ ਸਾਏ ਹੇਠ ਸਹਿਕਦੀਆਂ ਜ਼ਿੰਦਗੀਆਂ ਦੀ ਪੇਸ਼ਕਾਰੀ ਤਖਤਗੜ੍ਹ

ਹਰਜਿੰਦਰ ਸਿੰਘ ਜਵੰਦਾ
9463828000

ਫ਼ਿਲਮਾਂ ਦੇ ਬਦਲਵੇਂ ਰੂਪ ਵੈੱਬਸ਼ੀਰਜ਼ ਦਾ ਚਲਨ ਬੜੀ ਤੇਜ਼ੀ ਨਾਲ ਪੈਰ ਪਸਾਰ ਰਿਹਾ ਹੈ। ਵਾਰਨਿੰਗ, ਸ਼ਿਕਾਰੀ, ਵਾਰਦਾਤ, ਪੰਛੀ, ਜਿਲ੍ਹਾ ਸੰਗਰੂਰ ਵਰਗੀਆਂ ਚਰਚਿਤ ਵੈਬਸੀਰੀਜ ਤੋਂ ਬਾਅਦ ਇੱਕ ਨਵੀਂ ਵੈੱਬਸ਼ੀਰਜ਼ ਤਖਤਗੜ੍ਹ ਬੜ੍ਹੀ ਚਰਚਾ ਵਿੱਚ ਹੈ। ਪੰਜਾਬੀ ਦੇ ਨਾਲ ਨਾਲ ਹਿੰਦੀ ਭਾਸ਼ਾ ਚ ਬਣੀ ਇਹ ਵੈਬਸੀਰੀਜ ਕਰਾਈਮ, ਐਕਸ਼ਨ ਥ੍ਰਿੱਲਰ ਤੇ ਡਰਾਮਾ ਬੇਸਡ ਕਹਾਣੀ 'ਤੇ ਅਦਾਰਿਆਂ ਹੈ। ਨਾਮਵਰ ਡਾਇਰੈਕਟਰ ਤੇ ਲੇਖਕ ਬਲਜੀਤ ਨੂਰ ਵੱਲੋਂ ਡਾਇਰੈਕਟ ਕੀਤੀ ਗਈ ਪੰਜ ਐਪੀਸੋਡ ਵਾਲੀ ਇਸ ਵੈਬ ਸੀਰੀਜ ਵਿੱਚ ਪੰਜਾਬੀ ਇੰਡਸਟਰੀ ਦੇ ਸੌ ਤੋਂ ਵੱਧ ਕਲਾਕਾਰਾਂ ਨੇ ਕੰਮ ਕੀਤਾ ਹੈ। ਚਾਰ ਹੀਰੋ ਤੇ ਸੱਤ ਵਿਲੇਨਸ ਵਾਲੀ ਇਸ ਵੈਬ ਸੀਰੀਜ ਦੀ ਕਹਾਣੀ ਪੰਜਾਬ, ਹਰਿਆਣਾ ਤੇ ਰਾਜਸਥਾਨ ਵਿੱਚ ਫੈਲੇ ਕਰਾਇਮ 'ਤੇ ਆਧਾਰਿਤ ਹੈ। ਬਠਿੰਡਾ ਸ਼ਹਿਰ ਜਿੱਥੇ ਆ ਕੇ ਤਿੰਨ ਸੂਬਿਆਂ ਪੰਜਾਬ, ਹਰਿਆਣਾ ਤੇ ਰਾਜਸਥਾਨ ਦੀ ਸਰਹੱਦ ਲੱਗਦੀ ਹੈ। ਇਹ ਫਿਲਮ ਉਸੇ ਸ਼ਹਿਰ ਦੇ ਵਿੱਚ ਵੱਸੇ ਇਕ ਕਸਬੇ ਤਖਤਗੜ੍ਹ ਦੀ ਕਹਾਣੀ ਹੈ। ਤਖਤਗੜ੍ਹ ਓਹ ਧੁਰਾ ਹੈ ਜਿਸਦਾ ਇਤਿਹਾਸ ਤਾਂ ਬੜਾ ਪੁਰਾਣਾ ਤੇ ਡੂੰਘਾ ਹੈ, ਪਰ ਅੱਜ ਦੀ



ਘੜੀ ਇਸਦੀ ਗੱਦੀ ਓਹ ਤਾਕਤ ਰੱਖਦੀ ਹੈ ਕੇ ਇਹਨਾਂ ਤਿੰਨਾਂ ਰਾਜਾਂ ਦੇ ਸਾਰੇ ਸਿਆਸਤੀ ਫੈਸਲੇ ਏਥੋਂ ਹੁੰਦੇ ਹਨ। ਤਖਤਗੜ੍ਹ ਦੀ ਗੱਦੀ ਤੇ ਬੈਠਣ ਵਾਲਾ ਕੋਈ ਮਿੱਥਿਆ ਹੋਇਆ ਪਰਿਵਾਰ ਨਹੀਂ, ਬਲਕਿ ਓਹੀ ਹੈ ਜੋ ਇਹਦੀ ਤਾਕਤ ਬਰਾਬਰ ਸ਼ਖ਼ਸੀਅਤ ਰੱਖਦਾ ਹੈ। ਤੇ ਇਸੇ ਗੱਦੀ ਦੁਆਲੇ ਘੁੰਮਦੀ ਹੈ ਤਖਤਗੜ੍ਹ ਵੈਬ ਸੀਰੀਜ਼ ਦੀ ਪਹਿਲੀ ਕੜੀ ਰਿਲੀਜ ਹੋ ਚੁੱਕੀ ਹੈ ਅਤੇ ਦਰਸ਼ਕਾਂ ਵੱਲੋਂ ਇਸ ਨੂੰ ਸ਼ਾਨਦਾਰ ਹੁੰਗਾਰਾ ਮਿਲ ਰਿਹਾ ਹੈ। ਧੀਰਜ ਕੁਮਾਰ, ਅਸ਼ੀਸ਼ ਦੁੱਗਲ, ਸੁਵਿੰਦਰ ਵਿੱਕੀ, ਪਾਲੀ ਸੰਧੂ, ਲਖਵਿੰਦਰ ਸੰਧੂ, ਨੀਤ ਮਾਹਲ, ਰਾਜ ਜੋਧਾ, ਹਰਮਨ ਢਿੱਲੋ, ਗੁਰਿੰਦਰ ਮਕਨਾ, ਮਲਕੀਤ ਰੌਣੀ, ਪਰਮਵੀਰ ਸਿੰਘ, ਮੀਤ ਮਲੰਗਾਂ, ਸਤਵੰਤ ਕੌਰ, ਜਸਬੀਰ ਢਿੱਲੋ, ਮਨੀ ਕੁਲਾਰ, ਰਿੰਪਲ ਢਿੱਲੋ ਸਮੇਤ ਦਰਜਨਾਂ ਮੰਝੇ ਹੋਏ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਇਸ ਵੈਬਸ਼ੀਰਜ਼ ਦੇ ਲੇਖਕ-ਨਿਰਦੇਸ਼ਕ ਬਲਜੀਤ ਨੂਰ ਪਿਛਲੇ ਕਈ ਸਾਲਾਂ ਤੋਂ ਥੀਏਟਰ ਅਤੇ ਫ਼ਿਲਮਾਂ ਨਾਲ ਜੁੜਿਆ ਤੀਖਣ ਬੁੱਧੀ ਵਾਲਾ ਤਜੱਰਬੇਕਾਰ ਬੰਦਾ ਹੈ। 'ਤਖਤਗੜ੍ਹ' ਰਾਹੀਂ ਉਸ ਅੰਦਰਲੀ ਕਲਾ ਦੀ ਚਿਣਗ ਲਾਟ ਬਣਕੇ ਉੱਭਰੀ ਹੈ। ਫ਼ਿਰੋਜਪੁਰ ਦੇ ਗੁਰੂ ਹਰਸਹਾਏ ਨੇੜਲੇ ਪਿੰਡ ਸੈਦੋਕੇ ਮੋਹਨ ਦੇ ਜੰਮਪਲ ਬਲਜੀਤ ਨੂਰ ਦਾ ਬਚਪਨ ਭਾਵੇਂ ਪਿੰਡ ਦੀਆਂ ਗਲੀਆਂ ਵਿੱਚ ਖੇਡਦਿਆਂ ਲੰਘਿਆ ਪਰ ਉਚੇਰੀ ਵਿੱਦਿਆ ਪ੍ਰਾਪਤੀ ਲਈ ਉਹ ਜਦ ਚੰਡੀਗੜ੍ਹ ਆਇਆ ਤਾਂ ਉਹ ਕਲਾ ਦੇ ਰੰਗ ਵਿੱਚ ਰੰਗਿਆ ਗਿਆ। ਉਹਨਾਂ ਦੀ ਲੇਖਣੀ ਅਤੇ ਕਰੇਟਿਵ ਡਾਇਰੈਕਸ਼ਨ ਦਾ ਯੋਗਦਾਨ ਪਹਿਲਾਂ 'ਗੈਂਗਲੈਂਡ ਇਨ ਮਦਰ ਲੈਂਡ, ਉੱਚਾ ਪਿੰਡ, 'ਬੈਕਸਟੇਜ ਬੁਆਇਜ਼' ਅਤੇ 'ਸਨ ਆਫ਼ ਵੈਰੀਅਰ' ਵਰਗੀਆਂ ਫ਼ਿਲਮਾਂ 'ਚ ਵੇਖਿਆ ਜਾ ਚੁੱਕਿਆ ਹੈ। ਬਲਜੀਤ ਨੂਰ ਮੁਤਾਬਕ ਇਹ ਫ਼ਿਲਮ ਯਥਾਰਥ ਤੇ ਕਲਪਨਾ ਦਾ ਸੁਮੇਲ ਹੈ। ਇਹ ਫ਼ਿਲਮ ਗੁੰਡਾਰਾਜ, ਗੈਂਗਸਟਰ, ਪੁਲਿਸ ਤੇ ਸਿਆਸੀ ਤੰਤਰ ਦੁਆਲੇ ਘੁੰਮਦੀ ਹੈ। ਇਹਸ ਸੀਰੀਜ ਚ ਦਿਖਾਇਆ ਗਿਆ ਹੈ ਕਿ ਗੈਂਗਸਟਰਾਂ ਦੀ ਵੀ ਇਕ ਦੁਨੀਆ ਹੈ, ਜਿਸ ਵਿੱਚ ਜੋ ਆ ਗਿਆ ਉਹ ਵਾਪਸ ਨਹੀਂ ਜਾ ਸਕਦਾ। ਮੌਤ ਹੀ ਇਸ ਦੁਨੀਆਂ ਚੋਂ ਬਾਹਰ ਕੱਢ ਸਕਦੀ ਹੈ। ਕੁਰਸੀ ਦੀ ਲਾਲਸਾ ਕਿਵੇਂ ਆਪਣਿਆਂ ਹੱਥੋਂ ਆਪਣਿਆਂ ਦਾ ਕਤਲ ਕਰਵਾ ਦਿੰਦੀ ਹੈ, ਇਹ ਇਸ ਸੀਰੀਜ ਵਿੱਚ ਦਿਖਾਇਆ ਗਿਆ ਹੈ। ਫ਼ਿਲਮ ਚ ਅਹਿਮ ਭੂਮਿਕਾ ਨਿਭਾ ਰਹੇ ਧੀਰਜ ਕੁਮਾਰ ਇਹ ਵੈਬ ਸੀਰੀਜ ਉਹਨਾਂ ਦੀ ਜ਼ਿੰਦਗੀ ਦਾ ਅਹਿਮ ਪ੍ਰਾਜੈਕਟ ਹੈ।ਇਸ ਵਿੱਚ ਦਰਸ਼ਕ ਉਸ ਨੂੰ ਇੱਕ ਵੱਖਰੇ ਰੂਪ ਵਿੱਚ ਦੇਖਣਗੇ। ਉਹ ਇਸ ਤਰ੍ਹਾਂ ਦਾ ਕਿਰਦਾਰ ਨਿਭਾਉਣ ਦਾ ਕਾਫ਼ੀ ਵਕਤ ਤੋਂ ਇੱਛੁਕ ਸੀ। ਇਸ ਫ਼ਿਲਮ ਨਾਲ ਉਸਦਾ ਅਦਾਕਾਰੀ ਕੱਦ ਹੋਰ ਵੱਡਾ ਹੋਵੇਗਾ। ਇਸ ਧਮਾਕੇਦਾਰ ਵੈਬ ਸੀਰੀਜ਼ ਦਾ ਨਿਰਮਾਣ ਧਾਲੀਵਾਲ ਬ੍ਰਦਰਜ਼ ਵੱਲੋਂ ਕੀਤਾ ਗਿਆ ਹੈ ਜਿੰਨ੍ਹਾਂ ਵਿਚੋਂ ਗੁਰਜੀਤ ਸਿੰਘ ਧਾਲੀਵਾਲ ਨੇ ਪੰਜਾਬ ਵਿੱਚ ਇਸ ਫ਼ਿਲਮ ਦਾ ਕੰਮ ਸੰਭਾਲਿਆ ਅਤੇ ਓਹਨਾ ਦੇ ਭਰਾ ਕੁਲਦੀਪ ਸਿੰਘ ਧਾਲੀਵਾਲ ਨੇ ਅਮਰੀਕਾ ਵਿੱਚ ਰਹਿੰਦੇ ਹੋਏ ਫ਼ਿਲਮ ਸਬੰਧੀ ਅਹਿਮ ਕਾਰਜਾਂ ਦੀ ਦੇਖ ਰੇਖ ਕੀਤੀ। ਨਿਰਮਾਤਾ ਮੁਤਾਬਕ ਉਹ ਇਸ ਤੋ ਪਹਿਲਾਂ ਪੰਜਾਬੀ ਫ਼ਿਲਮ ਪੌਣੇ ਨੌ ਸਮੇਤ ਕੁਝ ਵੈਬ ਸੀਰੀਜ ਦਾ ਨਿਰਮਾਣ ਕਰ ਚੁੱਕੇ ਹਨ। ਉਹਨਾਂ ਦੀ ਇਹ ਵੈੱਬਸੀਰਜ਼ ਕਤਲੇਆਮ, ਗੁੰਡਾਗਰਦੀ ਤੇ ਜ਼ੁਲਮ ਦੇ ਸਾਏ ਹੇਠ ਸਹਿਕਦੀਆਂ ਜ਼ਿੰਦਗੀਆਂ ਦੀ ਪੇਸ਼ਕਾਰੀ ਹੈ। ਇਸ ਵੈਬ ਸੀਰੀਜ ਦੇ ਪਹਿਲੇ ਸੀਜ਼ਨ ਵਿੱਚ ਤੁਹਾਨੂੰ ਪੰਜ ਐਪੀਸੋਡ ਦੇਖਣ ਨੂੰ ਮਿਲਣਗੇ ਜਿੰਨਾ ਦੀ ਸਮਾਂ ਸੀਮਾਂ ਲਗਭਗ 30 ਮਿੰਟ ਦੇ ਨੇੜੇ ਹੈ। 6 ਮਈ ਨੂੰ ਸ਼ੁਰੂ ਹੋਈ ਇਸ ਸੀਰੀਜ਼ ਦੇ ਐਪੀਸੋਡ ਹਰ ਸ਼ੁੱਕਰਵਾਰ ਐਮੀਗੋਜ਼ ਮੋਸ਼ਨ ਪਿਕਚਰਜ਼ ਦੇ ਯੂਟਿਊਬ ਚੈਨਲ ਤੇ ਵੇਖੇ ਜਾ ਸਕਦੇ ਹਨ। ਖ਼ਾਸ ਗੱਲ ਕਿ ਇਸ ਵੈਬਸੀਰਜ ਵਿਚ ਫਿਲਮਾਂ ਅਤੇ ਥੀਏਟਰ ਦੇ 103 ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ।

# ਮਿਊਜ਼ਿਕਲ ਪ੍ਰੇਮ ਕਹਾਣੀ ਹੋਵੇਗੀ ਵੈਸਟਨ ਗਵੱਈਆ

ਮੇਰੇ ਪਿਤਾ ਨੂੰ ਹਿੰਦੀ ਸਿਨੇਮੇ ਤੋਂ ਪਹਿਲਾਂ ਪੰਜਾਬੀ ਸਿਨੇਮੇ ਨੇ ਪਹਿਚਾਣ ਦਿੱਤੀ ਸੀ। ਪਿਤਾ ਵਾਂਗ ਹੀ ਮੇਰਾ ਵੀ ਪੰਜਾਬੀ ਸਿਨੇਮਾ ਨਾਲ ਦਿਲੋਂ ਪਿਆਰ ਹੈ। ਮੇਰੀ ਪਹਿਚਾਣ ਵੀ ਪੰਜਾਬੀ ਸਿਨੇਮਾ ਹੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਇਥੇ ਨਾਮਵਰ ਅਦਾਕਾਰ ਆਰਿਆ ਬੱਬਰ ਨੇ ਕੀਤਾ। ਆਰਿਆ ਬੱਬਰ ਨਾਮੀਂ ਅਦਾਕਾਰ ਰਾਜ ਬੱਬਰ ਦਾ ਸੁਪੁੱਤਰ ਹੈ।

ਉਹ ਅੱਜ ਇੱਥੇ ਆਪਣੀ ਨਵੀਂ ਪੰਜਾਬੀ ਫ਼ਿਲਮ ਵੈਸਟਨ ਗਵੱਈਆ ਦੀ ਅਨਾਊਂਸਮੈਂਟ ਤੇ ਪੋਸਟਰ ਰਿਲੀਜ ਕਰਨ ਪੁਹੰਚੇ ਸਨ। ਇਸ ਮੌਕੇ ਆਰਿਆ ਬੱਬਰ ਦੇ ਨਾਲ ਫ਼ਿਲਮ ਦੀ ਨਾਇਕਾ ਮਨਰੀਤ ਸਰਾਂ, ਨਿਰਮਲ ਰਿਸ਼ੀ, ਮਲਕੀਤ ਰੌਣੀ, ਹਨੀ ਅਲਬੇਲਾ, ਦੀਦਾਰ ਸੰਧੂ, ਬਾਲ ਕਲਾਕਾਰ ਮਨਰਾਜ ਸਿੰਘ ਸਿੱਧੂ, ਫ਼ਿਲਮ ਦੇ ਨਿਰਦੇਸ਼ਕ ਪਰਮਜੀਤ ਸਿੰਘ, ਲੇਖਕ ਰਿਸ਼ੀ ਮੱਲੀ, ਨਿਰਮਾਤਾ ਗੁਰਦਿਆਲ ਸਿੰਘ ਸਿੱਧੂ, ਦਿਲਜੀਤ ਸਿੰਘ, ਸਹਿ-ਨਿਰਮਾਤਾ ਦੀਪਕਜੋਤ ਸਿੰਘ, ਸਤਵੰਤ ਸਿੰਘ ਮਾਨ ਅਤੇ ਦਵਿੰਦਰ ਸਿੰਘ ਹਾਜ਼ਰ ਸਨ।

ਇਸ ਮੌਕੇ ਫ਼ਿਲਮ ਦੇ ਡਾਇਰੈਕਟਰ ਨੇ ਦੱਸਿਆ ਕਿ ਇਹ ਫ਼ਿਲਮ ਇਕ ਮਿਊਜ਼ਿਕਲ ਡਰਾਮਾ ਫ਼ਿਲਮ ਹੈ, ਜੋ ਆਮ ਪੰਜਾਬੀ ਫਿਲਮਾਂ ਨਾਲ਼ੋਂ ਬਿਲਕੁਲ ਵੱਖਰੇ ਕਿਸਮ ਦੀ ਹੋਵੇਗੀ। ਇਸ ਦੀ ਸ਼ੂਟਿੰਗ ਯੂ ਕੇ ਦੀਆਂ ਵੱਖ ਵੱਖ ਲੋਕੇਸ਼ਨਾਂ 'ਤੇ ਕੀਤੀ ਜਾਵੇਗੀ। ਨਿਰਮਾਤਾ ਗੁਰਦਿਆਲ ਸਿੰਘ ਸਿੱਧੂ



ਨੇ ਦੱਸਿਆ ਕਿ ਉਹਨਾਂ ਦੇ ਬੈਨਰ ਐਲਪਾਇਨ ਮੋਸ਼ਨ ਪਿਕਚਰਸ ਦੀ ਇਹ ਤੀਜੀ ਫ਼ਿਲਮ ਹੈ ਉਹ ਇਸ ਤੋਂ ਪਹਿਲਾਂ ਅੰਗਰੇਜ਼ ਪੁੱਤ ਅਤੇ ਟੀਚਰ ਜੀ ਫਿਲਮਾਂ ਦਾ ਨਿਰਮਾਣ ਕਰ ਚੁੱਕੇ ਹਨ। ਇਹ ਫ਼ਿਲਮ ਉਹਨਾਂ ਵੱਲੋਂ ਨਿਰਮਾਤਾ ਦਲਜੀਤ ਸਿੰਘ, ਦੀਪਕਜੋਤ ਸਿੰਘ, ਸਤਵੰਤ ਸਿੰਘ ਮਾਨ ਅਤੇ ਦਵਿੰਦਰ ਸਿੰਘ ਨਾਲ ਮਿਲਕੇ ਬਣਾਈ ਜਾ ਰਹੀ ਹੈ। ਉਹਨਾਂ ਦੀ ਇਹ ਫ਼ਿਲਮ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰੇਗੀ। ਇਸ ਮੌਕੇ ਆਰਿਆ ਬੱਬਰ ਨੇ ਆਪਣੀ ਇਸ ਫ਼ਿਲਮ ਬਾਰੇ ਗੱਲ-ਬਾਤ ਕਰਦਿਆਂ ਦੱਸਿਆ ਕਿ ਉਹ ਇਸ ਫ਼ਿਲਮ ਵਿੱਚ ਇਕ ਐਸੇ ਸਿਰਫਿਰੇ ਗਾਇਕ ਦਾ ਕਿਰਦਾਰ ਨਿਭਾ ਰਿਹਾ ਹੈ ਜਿਸ ਨੂੰ ਭਾਵੇਂ ਗਾਇਕੀ ਦੀ ਕੋਈ ਸਮਝ ਨਹੀਂ ਹੈ ਪਰ ਉਸਨੂੰ ਲੱਗਦਾ ਹੈ ਕਿ ਉਹ ਵੱਡਾ ਗਾਇਕ ਹੈ। ਉਸਦੇ ਨਾਲ ਰਹਿਣ ਵਾਲੇ ਉਸਦੇ ਦੋਸਤ ਵੀ ਉਸਨੂੰ ਸਦਾ ਇਸੇ ਵਹਿਮ ਵਿੱਚ ਹੀ ਰੱਖਦੇ ਹਨ।ਇਸ ਵਿੱਚ ਉਸਦੇ ਦੋਸਤ ਦੀ ਭੂਮਿਕਾ ਕਸ਼ਮੀਰ ਸਿੰਘ ਸੰਘਾ ਨਜ਼ਰ ਆਵੇਗਾ।ਉਹ ਪਹਿਲੀ ਵਾਰ ਅਜਿਹਾ ਕਿਰਦਾਰ ਨਿਭਾ ਰਹੇ ਹਨ। ਫ਼ਿਲਮ ਦੀ ਨਾਇਕਾ ਮਨਰੀਤ ਸਰਾਂ ਨੇ ਕਿਹਾ ਕਿ ਉਹ ਖੁਸ਼ ਹੈ ਕਿ ਉਸਨੂੰ ਇਸ ਸ਼ਾਨਦਾਰ ਫ਼ਿਲਮ ਦਾ ਹਿੱਸਾ ਬਣਨ ਦਾ ਮੌਕਾ ਮਿਲਿਆ । ਇਸ ਮੌਕੇ ਹਾਜ਼ਰ ਬਾਕੀ ਕਲਾਕਾਰਾਂ ਨੇ ਵੀ ਫ਼ਿਲਮ ਦੇ ਸਬਜੈਕਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੁਣ ਪੰਜਾਬੀ ਸਿਨਮਾ ਵਿੱਚ ਇਸ ਤਰ੍ਹਾਂ ਦੀਆਂ ਲੀਕ ਤੋਂ ਹਟਵੀਆਂ ਫਿਲਮਾਂ ਦੇਖਣ ਨੂੰ ਮਿਲਣਗੀਆਂ। ਅਦਾਕਾਰ ਮਲਕੀਤ ਰੌਣੀ ਨੇ ਕਿਹਾ ਕਿ ਉਹ ਇਸ ਤੋਂ ਪਹਿਲਾਂ ਵੀ ਇਸ ਪ੍ਰੋਡਕਸ਼ਨ ਹਾਊਸ ਨਾਲ ਕੰਮ ਕਰ ਚੁੱਕੇ ਹਨ। ਉਹ ਜਾਣਦੇ ਹਨ ਕਿ ਇਹ ਪ੍ਰੋਡਕਸ਼ਨ ਹਾਊਸ ਪੰਜਾਬੀ ਦਰਸ਼ਕਾਂ ਸੀ ਝੋਲੀ ਅਜਿਹੀਆਂ ਮਨੋਰੰਜਨ ਭਰਪੂਰ ਫਿਲਮਾਂ ਹੀ ਪਾਵੇਗਾ।

-ਹਰਜਿੰਦਰ ਸਿੰਘ

# ਕੈਨੇਡਾ-ਅੰਮ੍ਰਿਤਸਰ ਵਿਚਾਲੇ ਸਿੱਧੀਆਂ ਉਡਾਣਾਂ ਦੀ ਮੁਹਿੰਮ ਨੂੰ ਵੱਡਾ ਹੁਲਾਰਾ, ਕੈਨੇਡਾ ਦੀ ਸੰਸਦ 'ਚ ਗੂੰਜਿਆ ਮੁੱਦਾ

**ਚੰਡੀਗੜ੍ਹ,**
**-ਰੋਜ਼ਾਨਾ ਸਵੇਰਾ-**

ਕੈਨੇਡਾ-ਅੰਮ੍ਰਿਤਸਰ ਵਿਚਾਲੇ ਸਿੱਧੀਆਂ ਉਡਾਣਾਂ ਦੀ ਮੁਹਿੰਮ ਨੂੰ ਵੱਡਾ ਹੁਲਾਰਾ ਮਿਲਿਆ ਹੈ। ਇਹ ਮੁੱਦਾ ਕੈਨੇਡਾ ਦੀ ਸੰਸਦ 'ਚ ਵੀ ਗੂੰਜਿਆ ਹੈ। ਬਰੈਂਪਟਨ ਉੱਤਰੀ ਦੀ ਨੁਮਾਇੰਦਗੀ ਕਰਦੇ ਸੰਸਦ ਮੈਂਬਰ ਰੂਬੀ ਸਹੋਤਾ ਵੱਲੋਂ ਕੈਨੇਡਾ ਦੀ ਸੰਸਦ ਵਿੱਚ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਦਾ ਮੁੱਦਾ ਉਠਾਇਆ ਹੈ। ਉਨ੍ਹਾਂ ਸੰਸਦ ਵਿੱਚ ਆਪਣੀ ਪਾਰਟੀ ਦੀ ਸਰਕਾਰ ਦੇ ਟਰਾਂਸਪੋਰਟ ਮੰਤਰੀ ਓਮਾਰ ਅਲਘਬਰਾ ਨੂੰ ਉਡਾਣਾਂ ਦੇ ਮੁੱਦੇ ਸਬੰਧੀ ਸਰਕਾਰ ਦੀ ਸਥਿਤੀ ਸਪੱਸ਼ਟ ਕਰਨ ਦੀ ਬੇਨਤੀ ਕੀਤੀ। ਇਸ ਮੌਕੇ ਮੰਤਰੀ ਅਲਘਬਰਾ ਨੇ ਇਸ ਸਬੰਧੀ ਜਵਾਬ ਦਿੰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਨਾਲ ਹੋਈ ਮੀਟਿੰਗ ਦੌਰਾਨ ਵੀ ਇਸ ਬਾਬਤ ਚਰਚਾ ਕੀਤੀ ਗਈ ਹੈ। ਵੈਨਕੂਵਰ-ਕੈਨੇਡਾ ਤੋਂ ਜਾਰੀ ਸਾਂਝੇ ਬਿਆਨ ਵਿੱਚ ਇਨੀਸ਼ੀਏਟਿਵ ਦੇ ਉੱਤਰੀ ਅਮਰੀਕਾ ਵਾਲੇ ਕਨਵੀਨਰ ਅਨੰਤਦੀਪ ਸਿੰਘ ਢਿੱਲੋਂ (ਕੈਨੇਡਾ), ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ (ਅਮਰੀਕਾ) ਤੇ ਬੁਲਾਰੇ ਮੋਹਿਤ ਧੰਜੂ (ਕੈਨੇਡਾ) ਨੇ ਸੰਸਦ ਮੈਂਬਰ ਰੂਬੀ ਸਹੋਤਾ ਵਲੋਂ ਕੈਨੇਡਾ ਦੀ ਸੰਸਦ ਵਿੱਚ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਦਾ ਮੁੱਦਾ ਉਠਾਉਣ ਦਾ ਵੀ ਸਵਾਗਤ ਕੀਤਾ ਹੈ।



ਇਸ ਦੇ ਨਾਲ ਹੀ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਨੇ ਕੈਨੇਡਾ ਦੇ ਟਰਾਂਸਪੋਰਟ ਮੰਤਰੀ ਉਮਰ ਅਲਘਬਰਾ ਦੀ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਜਯੋਤੀਰਾਦਿੱਤਿਆ ਸਿੰਧੀਆ ਨਾਲ ਦੋਵਾਂ ਦੇਸ਼ਾਂ ਵਿਚਾਲੇ ਹਾਲ ਹੀ ਵਿੱਚ ਹੋਈ ਦੁਵੱਲੀ ਮੰਤਰੀ ਪੱਧਰੀ ਗੱਲਬਾਤ ਦੌਰਾਨ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਦਾ ਮੁੱਦਾ ਉਠਾਉਣ ਲਈ ਧੰਨਵਾਦ ਪ੍ਰਗਟਾਇਆ ਹੈ।

ਕੈਨੇਡਾ ਦੀ ਸੰਸਦ ਤੇ ਦੁਵੱਲੀ ਭਾਰਤ-ਕੈਨੇਡਾ ਦੇ ਮੰਤਰੀਆਂ ਦੀ ਉੱਚ-ਪੱਧਰੀ ਗੱਲਬਾਤ ਵਿੱਚ ਵੀ ਇਸ ਮੁੱਦੇ ਦਾ ਉੱਠਾਇਆ ਜਾਣਾ, ਟੋਰਾਂਟੋ/ਵੈਨਕੂਵਰ ਤੋਂ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਬਾਬਤ ਕੀਤੇ ਜਾ ਰਹੇ ਯਤਨਾਂ ਨੂੰ ਇੱਕ ਵੱਡਾ ਹੁਲਾਰਾ ਹੈ। ਪਹਿਲੀ ਵਾਰ ਭਾਈਚਾਰੇ ਦੀ ਇਸ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਕੌਮੀ ਪੱਧਰ 'ਤੇ ਕੈਨੇਡਾ ਦੀਆਂ ਦੋਵੇਂ ਵੱਡੀਆਂ ਲਿਬਰਲ ਤੇ ਕੰਜ਼ਰਵੇਟਿਵ ਪਾਰਟੀਆਂ ਦੇ ਨੁਮਾਇੰਦਿਆਂ ਦੁਆਰਾ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਇਸ ਯਾਚਿਕਾ ਨਾਲ ਸਮਰਥਨ ਦੀ ਇੱਕ ਭਰਵੀਂ ਲਹਿਰ ਪੈਦਾ ਹੋਈ ਤੇ ਕੈਨੇਡਾ ਭਰ ਵਿੱਚ ਵਸਦੇ 10 ਲੱਖ ਤੋਂ ਵੱਧ ਪੰਜਾਬੀ ਭਾਈਚਾਰੇ ਨੇ ਅੰਮ੍ਰਿਤਸਰ ਨਾਲ ਸਿੱਧੇ ਹਵਾਈ ਸੰਪਰਕ ਵਿੱਚ ਸਹਾਇਤਾ ਲਈ ਕੈਨੇਡੀਅਨ ਸਰਕਾਰ ਕੋਲ ਆਪਣੀ ਆਵਾਜ਼ ਉਠਾਉਣ ਲਈ ਇੱਕਜੁੱਟਤਾ ਦਿਖਾਈ। ਇਸ ਪਟੀਸ਼ਨ 'ਤੇ 30 ਦਿਨਾਂ ਦੇ ਥੋੜ੍ਹੇ ਸਮੇਂ ਵਿੱਚ ਤਕਰੀਬਨ 19000 ਤੋਂ ਵੱਧ ਦਸਤਖਤ ਹੋਏ ਸਨ ਤੇ ਕੈਨੇਡਾ ਵਿੱਚ ਵਸਦੇ ਪੰਜਾਬੀ ਭਾਈਚਾਰੇ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਇਸ ਉਪਰੰਤ ਸਾਂਸਦ ਵਿਸ ਵਲੋਂ ਸਿੱਧੀ ਉਡਾਣ ਦੀ ਮੰਗ ਨੂੰ ਮਾਰਚ ਦੇ ਮਹੀਨੇ ਸੰਸਦ ਵਿੱਚ ਵੀ ਉਠਾਇਆ ਗਿਆ ਸੀ।

# ਚਿੱਟੇ ਦੇ ਤਸਕਰਾਂ ਨੂੰ ਜੇਲ੍ਹਾਂ 'ਚ ਡੱਕਣ ਲਈ ਧਰਨਾ



ਥਾਣੇ ਅੱਗੇ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਧਰਨੇ ਨੂੰ ਸੰਬੋਧਨ ਕਰਦੇ ਹੋਏ।

**ਰਾਮਪੁਰਾ ਫੂਲ, -ਜਸਵੀਰ ਔਲਖ-**
**-ਰੋਜ਼ਾਨਾ ਸਵੇਰਾ-**

ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਅੱਜ ਥਾਣਾ ਨੇਹੀਆਂ ਵਾਲਾ ਅੱਗੇ ਥੋਕ ਪੱਧਰ 'ਤੇ ਵਿਕ ਰਹੇ ਚਿੱਟੇ ਦੇ ਸਮੱਗਲਰਾਂ ਨੂੰ ਜੇਲ੍ਹਾਂ ਵਿੱਚ ਬੰਦ ਕਰਵਾਉਣ ਲਈ ਧਰਨਾ ਦਿੱਤਾ ਗਿਆ। ਪਿੰਡ ਜੀਦਾ ਸਮੇਤ ਆਸ ਪਾਸ ਦੇ ਜੰਡਾਂਵਾਲਾ, ਹਰ ਰਾਏਪੁਰ ਆਦਿ ਪਿੰਡਾ ਵਿੱਚ ਸ਼ਰ੍ਹੇਆਮ ਵਿਕ ਰਹੇ ਨਸ਼ਿਆਂ ਤੋਂ ਦੁਖੀ ਲੋਕਾਂ ਵੱਲੋਂ ਸਰਕਾਰ ਅਤੇ ਥਾਣਾ ਨੇਹੀਆਂਵਾਲਾ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਤਿੱਖੇ ਰੋਹ ਅਤੇ ਰੋਸ ਦਾ ਪ੍ਰਗਟਾਵਾ ਕੀਤਾ ਗਿਆ। ਧਰਨੇ ਵਿੱਚ ਪਹੁੰਚੇ ਲੋਕਾਂ ਨੂੰ ਸਬੋਧਨ ਕਰਦੇ ਹੋਏ ਜਥੇਬੰਦੀ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ ਅਤੇ ਜ਼ਿਲ੍ਹਾ ਕਮੇਟੀ ਮੈਂਬਰ ਤੀਰਥ ਸਿੰਘ ਕੋਠਾ ਗੁਰੂ ਨੇ ਕਿਹਾ ਕਿ ਪੰਜਾਬ ਅੰਦਰ ਸਰਕਾਰ ਤੇ ਪੁਲੀਸ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਵਿਕ ਰਹੇ ਚਿੱਟੇ ਅਤੇ ਹੋਰ ਮਾਰੂ ਨਸ਼ਿਆ ਨੇ ਮਾਵਾਂ ਦੇ ਗੱਭਰੂ ਪੁੱਤਾਂ ਨੂੰ ਨਿਗਲ ਲਿਆ ਹੈ। ਪਰ ਆਮ ਆਦਮੀ ਦੀ ਪਾਰਟੀ ਕਹਾਉਣ ਵਾਲੀ ਮਾਨ ਸਰਕਾਰ ਹੱਥਾਂ 'ਤੇ ਹੱਥ ਧਰ ਕੇ ਚੁੱਪਚਾਪ ਬਲਦੇ ਸਿਵਿਆਂ ਵੱਲ ਦੇਖ ਰਹੀ ਹੈ।

ਉਨ੍ਹਾਂ ਕਿਹਾ ਕਿ ਪਿੰਡ ਜੀਦੇ ਵਿੱਚ ਚਿੱਟੇ ਦੇ ਵਪਾਰੀ ਨਸ਼ਾ ਵੇਚ ਕੇ ਚੰਗੇ ਹੱਥ ਰੰਗ ਰਹੇ ਹਨ। ਜਿਨ੍ਹਾਂ ਬਾਰੇ ਪਹਿਲਾਂ ਵੀ ਪਿੰਡ ਦੇ ਲੋਕਾਂ ਨੇ ਥਾਣੇ ਵਿੱਚ ਉਨ੍ਹਾਂ ਦੇ ਨਾਂ ਨਸ਼ਰ ਕਰਕੇ ਉਨ੍ਹਾਂ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਗਈ ਸੀ ਪਰ ਨਸ਼ਿਆਂ ਦੇ ਵਪਾਰੀਆਂ ਦਾ ਧੰਦਾ ਰੁਕਣ ਦੀ ਬਜਾਏ ਪਹਿਲਾਂ ਨਾਲੋਂ ਵੀ ਤੇਜ਼ੀ ਫੜ ਗਿਆ ਹੈ। ਧਰਨੇ ਦੌਰਾਨ ਮਜ਼ਦੂਰ ਆਗੂ ਮਨਦੀਪ ਸਿੰਘ ਸਿਬੀਆਂ, ਕਾਕਾ ਸਿੰਘ ਜੀਦਾ ਤੇ ਮਾੜਾ ਸਿੰਘ ਕਿਲੀ ਨਿਹਾਲ ਸਿੰਘ ਵਾਲਾ ਨੇ ਕਿਹਾ ਸਮੇਂ ਦੀਆਂ ਸਰਕਾਰਾਂ ਤੇ ਪੁਲੀਸ ਦੀ ਸਰਪ੍ਰਸਤੀ ਹੇਠ ਵਿਕ ਰਹੇ ਨਸ਼ੇ ਨੇ ਇੱਕ ਪਾਸੇ ਸਮੱਗਲਰਾਂ ਦੀਆਂ ਦੌਲਤਾਂ ਵਿੱਚ ਬੇਥਾਹ ਵਾਧੇ ਕੀਤੇ ਹਨ ਅਤੇ ਦੂਜੇ ਪਾਸੇ ਨਸ਼ਿਆ ਦੀ ਲਪੇਟ ਵਿੱਚ ਆਏ ਨੌਜਵਾਨਾਂ ਦੇ ਮੱਥੇ 'ਤੇ ਨਸ਼ੇੜੀਆਂ ਅਤੇ ਚੋਰਾਂ ਦਾ ਕਲੰਕ ਲਾ ਕੇ ਉਨ੍ਹਾਂ ਨੂੰ ਸਮਾਜ ਅੰਦਰ ਨਮੋਸ਼ੀ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਕਰ ਦਿੱਤਾ ਹੈ। ਧਰਨਾਕਾਰੀਆ ਨੇ ਸਰਕਾਰ ਤੋਂ ਨਸ਼ੇ ਦੇ ਵਿਉਪਾਰੀਆਂ ਨੂੰ ਗ੍ਰਿਫ਼ਤਾਰ ਕਰਕੇ ਸਖ਼ਤ ਸਜਾਵਾਂ ਦੇਣ, ਉਨ੍ਹਾਂ ਦੀਆਂ ਜਾਇਦਾਦਾਂ ਕੁਰਕ ਕਰਨ, ਨਸ਼ੇ ਦੇ ਆਦੀ ਬਣਾਏ ਨੌਜਵਾਨਾਂ ਨਾਲ ਹਮਦਰਦੀ ਭਰਿਆ ਸਲੀਕਾ ਅਪਣਾ ਕੇ ਉਨ੍ਹਾਂ ਦਾ ਸਰਕਾਰੀ ਖਰਚੇ 'ਤੇ ਇਲਾਜ ਕਰਵਾਉਣ ਤੇ ਇਲਾਜ ਦੌਰਾਨ ਉਨ੍ਹਾਂ ਦੇ ਪਰਿਵਾਰਾਂ ਦਾ ਘਰੇਲੂ ਖਰਚਾ ਦੇਣ, ਪਿੰਡਾਂ ਵਿੱਚ ਹੋ ਰਹੀਆਂ ਚੋਰੀਆਂ ਨੂੰ ਠੱਲ੍ਹਣ ਲਈ ਪੁਲੀਸ ਦੇ ਵਿਸੇਸ਼ ਦਸਤੇ ਬਣਾਕੇ ਗਸਤ ਕਰਵਾਉਣ ਦੀ ਮੰਗ ਕੀਤੀ ਗਈ।

# ਸੇਵਾ ਕੇਂਦਰਾਂ ਵਿੱਚ ਹੜਤਾਲ ਕਾਰਨ ਲੋਕ ਖੁਆਰ ਹੋਏ

**ਲੁਧਿਆਣਾ,**
**-ਰੋਜ਼ਾਨਾ ਸਵੇਰਾ-**

ਲੁਧਿਆਣਾ 'ਚ ਸੋਮਵਾਰ ਨੂੰ ਸਾਰੇ ਸੇਵਾ ਕੇਂਦਰ ਹੜਤਾਲ ਕਾਰਨ ਬੰਦ ਰਹੇ। ਮੁਲਾਜ਼ਮਾਂ ਨੇ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਕਲਮ ਛੋੜ ਹੜਤਾਲ ਕੀਤੀ। ਮੁਲਾਜ਼ਮ ਆਪਣੀਆਂ ਸੀਟਾਂ 'ਤੇ ਤਾਂ ਬੈਠੇ ਸਨ, ਪਰ ਲੋਕਾਂ ਦੇ ਕੰਮਕਾਜ ਬੰਦ ਕਰੀ ਰੱਖੇ। ਹੜਤਾਲ 'ਤੇ ਗਏ ਮੁਲਜ਼ਮਾਂ ਦਾ ਕਹਿਣਾ ਸੀ ਕਿ ਸਰਕਾਰ ਸਾਡੀਆਂ ਮੰਗਾਂ ਨੂੰ ਪੂਰਾ ਨਹੀਂ ਕਰਦੀ। ਪੰਜਾਬ 'ਚ ਚਾਹੇ ਕੋਈ ਵੀ ਸਰਕਾਰ ਆ ਜਾਵੇ, ਪਰ ਸਾਰੇ ਕਰਮਚਾਰੀਆਂ ਨੂੰ ਅਣਦੇਖਿਆ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਸੇਵਾ ਕੇਂਦਰਾਂ ਦੇ ਮੁਲਾਜ਼ਮਾਂ ਨੇ ਇਹ ਸੋਚ ਕੇ ਆਮ ਆਦਮੀ ਪਾਰਟੀ ਨੂੰ ਵੋਟਾਂ ਪਾਈਆਂ ਸਨ ਕਿ ਸ਼ਾਇਦ ਪੰਜਾਬ 'ਚ ਬਦਲਾਅ ਆ ਜਾਵੇਗਾ ਅਤੇ ਉਹ ਵੀ ਪੱਕੇ ਹੋ ਜਾਣਗੇ। ਉਨ੍ਹਾਂ ਦੀ ਤਨਖਾਹ ਵੀ ਵਧ ਜਾਵੇਗੀ, ਪਰ ਹਾਲਾਤ ਨਹੀਂ ਬਦਲੇ। ਜ਼ਿਲ੍ਹਾ ਲੁਧਿਆਣਾ 'ਚ ਚੱਲ ਰਹੇ 38 ਸੇਵਾ ਕੇਂਦਰਾਂ ਦੇ ਮੁਲਾਜ਼ਮਾਂ ਨੇ ਅੱਜ ਹੜਤਾਲ ਕੀਤੀ। ਇਸ ਤੋਂ ਇਲਾਵਾ ਹੜਤਾਲ 'ਚ ਸੰਗਰੂਰ, ਪਟਿਆਲਾ, ਮਾਲੇਰਕੋਟਲਾ, ਫਤਹਿਗੜ੍ਹ ਸਾਹਿਬ ਦੇ ਮੁਲਾਜ਼ਮਾਂ ਨੇ ਵੀ ਲੁਧਿਆਣਾ ਦੇ ਮੁਲਾਜ਼ਮਾਂ ਦਾ ਸਾਥ ਦਿੱਤਾ। ਮੁਲਾਜ਼ਮਾਂ ਨੇ ਕਾਲੀਆਂ ਪੱਟੀਆਂ ਬੰਨ੍ਹ ਕੇ ਪ੍ਰਦਰਸ਼ਨ ਵੀ ਕੀਤਾ। ਸਮੂਹ ਕਰਮਚਾਰੀ ਯੂਨੀਅਨ ਦੇ ਮੈਂਬਰਾਂ ਨੇ ਦੱਸਿਆ ਕਿ ਬੀਤੇ 6 ਸਾਲ ਤੋਂ ਸਾਰੇ ਮੁਲਾਜ਼ਮ ਇੱਕ ਤਨਖਾਹ 'ਤੇ ਕੰਮ ਕਰ ਰਹੇ ਹਨ। ਰਖਬਾਗ ਨਜ਼ਦੀਕ ਬਣੇ ਸੇਵਾ ਕੇਂਦਰ ਦੇ ਇੰਚਾਰਜ ਮਨੀਸ਼ ਨੇ ਦੱਸਿਆ ਕਿ 8000 ਜਾਂ 8500 'ਚ ਹੁਣ ਘਰ ਦਾ ਗੁਜ਼ਾਰਾ ਕਰਨਾ ਮੁਸ਼ਕਲ ਹੋ ਗਿਆ ਹੈ। ਸਰਕਾਰ ਤਨਖਾਹ ਵਧਾ ਨਹੀਂ ਰਹੀ, ਪਰ ਪਰਿਵਾਰ ਦੇ ਖਰਚੇ ਲਗਾਤਾਰ ਵਧ ਰਹੇ ਹਨ।



ਸੇਵਾ ਕੇਂਦਰਾਂ ਵਿਚਲੇ ਮੁਲਾਜ਼ਮਾਂ ਨੇ ਅੱਜ ਇਥੇ ਆਪਣੀਆਂ ਮੰਗਾਂ ਨੂੰ ਲੈ ਕੇ ਕਲਮਛੋੜ ਹੜਤਾਲ ਕੀਤੀ। ਇਸ ਦੌਰਾਨ ਉਨ੍ਹਾਂ ਪੰਜਾਬ ਸਰਕਾਰ ਅਤੇ ਕੰਪਨੀ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਹੜਤਾਲ ਕਾਰਨ ਸੇਵਾ ਕੇਂਦਰਾਂ 'ਚ ਕੰਮਕਾਜ ਆਏ ਲੋਕਾਂ ਨੂੰ ਖੁਆਰ ਹੋਣਾ ਪਿਆ। ਇਸ ਮੌਕੇ ਸੇਵਾ ਕੇਂਦਰ ਮੁਲਾਜ਼ਮ ਯੂਨੀਅਨ ਦੇ ਆਗੂ ਗਗਨਪ੍ਰੀਤ ਸਿੰਘ, ਹਰਵਿੰਦਰ ਸਿੰਘ, ਗੁਰਦੀਪ ਸਿੰਘ, ਬਲਜੀਤ ਸਿੰਘ ਨੇ ਦੱਸਿਆ ਕਿ ਉਹ 2016 'ਚ 8000 ਰੁਪਏ ਤਨਖਾਹ 'ਤੇ ਭਰਤੀ ਕੀਤੇ ਗਏ ਸਨ ਪਰ ਮਹਿੰਗਾਈ ਵਧਣ ਦੇ ਬਾਵਜੂਦ ਅੱਜ ਤੱਕ ਤਨਖ਼ਾਹਾਂ 'ਚ ਕੋਈ ਵਾਧਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਨਵੀਂ ਸਰਕਾਰ ਬਣਨ ਉਪਰੰਤ ਉਨ੍ਹਾਂ ਦਾ ਕੰਮ ਤਾਂ ਵਧਾ ਦਿੱਤਾ ਗਿਆ ਹੈ ਪਰ ਤਨਖ਼ਾਹ 'ਚ ਕੋਈ ਵਾਧਾ ਨਹੀ ਹੋਇਆ। ਉਨ੍ਹਾਂ ਕਿਹਾ ਕਿ ਮੰਗਾਂ ਪੂਰੀਆਂ ਨਾ ਹੋਣ 'ਤੇ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਸੇਵਾ ਕੇਂਦਰਾਂ ਦੇ ਕਾਮਿਆਂ ਨੇ ਬੀਮਾ ਕਰਨ ਦੀ ਵੀ ਮੰਗ ਕੀਤੀ। ਇੱਥੇ ਸੇਵਾ ਕੇਂਦਰ 'ਚ ਕੰਮ ਲਈ ਆਈਆਂ ਦੋ ਲੜਕੀਆਂ ਪੂਨਮ ਤੇ ਰਮਨਦੀਪ ਕੌਰ ਤੋਂ ਇਲਾਵਾ ਕਰਨੈਲ ਸਿੰਘ ਨੇ ਨਿਰਾਸ਼ਾ ਜ਼ਾਹਿਰ ਕਰਦਿਆਂ ਕਿਹਾ ਕਿ ਕਹਿਰ ਦੀ ਗਰਮੀ 'ਚ ਉਹ ਮੁਸ਼ਕਲ ਨਾਲ ਪਹੁੰਚੇ ਪਰ ਅੱਗੋਂ ਹੜਤਾਲ ਕਰਕੇ ਉਨ੍ਹਾਂ ਦਾ ਕੰਮ ਨਹੀਂ ਹੋਇਆ। ਇਸ ਦੇ ਨਾਲ ਹੀ ਮੁਲਾਜ਼ਮਾਂ ਨੇ ਮੰਗ ਕੀਤੀ ਕਿ ਮਹੀਨੇ ਦੇ ਆਖਰੀ ਦਿਨ ਸਰਕਾਰ ਉਨ੍ਹਾਂ ਨੂੰ ਛੁੱਟੀ ਦੇਵੇ। ਸੇਵਾ ਕੇਂਦਰ ਖੋਲ੍ਹਣ ਦਾ ਸਮਾਂ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਕੀਤਾ ਜਾਵੇ। ਐਤਵਾਰ ਨੂੰ ਸੇਵਾ ਕੇਂਦਰ ਬੰਦ ਕੀਤੇ ਜਾਣ। ਸੇਵਾ ਕੇਂਦਰ 'ਚ ਕੰਮ ਕਰ ਰਹੇ ਮੁਲਾਜ਼ਮਾਂ ਦਾ ਬੀਮਾ ਕੀਤਾ ਜਾਵੇ। ਮੁਲਾਜ਼ਮਾਂ ਨੇ ਮੰਗਾਂ ਸਬੰਧੀ ਮੰਗ ਪੱਤਰ ਆਪਣੇ ਆਪਣੇ ਜ਼ਿਲ੍ਹਾ ਇੰਚਾਰਜਾਂ ਨੂੰ ਦਿੱਤੇ। ਉਨ੍ਹਾਂ ਕਿਹਾ ਕਿ ਜੇ ਸਮਾਂ ਰਹਿੰਦੇ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਉਹ ਸੰਘਰਸ਼ ਤੇਜ਼ ਕਰਨਗੇ।

# ਜਲ ਸਪਲਾਈ ਕਾਮਿਆਂ ਨੇ ਸਰਕਾਰ ਦੀਆਂ ਅਰਥੀਆਂ ਸਾੜੀਆਂ



**ਬਠਿੰਡਾ -ਜਸਵੀਰ ਔਲਖ-**
**-ਰੋਜ਼ਾਨਾ ਸਵੇਰਾ-**

ਜਲ ਸਪਲਾਈ ਤੇ ਸੈਨੀਟੇਸ਼ਨ ਠੇਕਾ ਵਰਕਰਜ਼ ਯੂਨੀਅਨ ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਅੱਜ ਇਥੇ ਸਬ ਜਲ ਸਪਲਾਈ ਕਾਮਿਆਂ ਵੱਲੋਂ ਪੰਜਾਬ ਸਰਕਾਰ ਅਤੇ ਵਿਭਾਗ ਮੁਖੀ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਤੇ ਸੰਦੀਪ ਖ਼ਾਨ ਬਾਲਿਆਂਵਾਲੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਵਿਭਾਗੀ ਮੁਖੀ, ਵੱਲੋਂ ਬੀਤੇ ਦਿਨੀ ਵੀਡਿਓ ਕਾਨਫਰੰਸ ਰਾਹੀਂ ਕਾਰਜਕਾਰੀ ਇੰਜਨੀਅਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਇਨਲਿਸਟਮੈਂਟ, ਆਊਟਸੋਰਸ, ਠੇਕੇਦਾਰਾਂ, ਕੰਪਨੀ ਆਦਿ ਰਾਹੀਂ ਕੰਮ ਕਰਦੇ ਕਾਮਿਆਂ ਦੀਆਂ ਤਨਖਾਹਾਂ ਰੋਕਣ ਦੇ ਜ਼ੁਬਾਨੀ ਹੁਕਮ ਦਿੱਤੇ ਗਏ। ਉਨ੍ਹਾਂ ਕਿਹਾ ਕਿ ਤਨਖਾਹਾਂ ਨਾ ਮਿਲਣ ਕਾਰਨ ਕਰਮਚਾਰੀਆਂ ਨੂੰ ਵਿੱਤੀ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਅੱਜ ਗਿੱਦੜਬਾਹਾ ਦੇ ਵਾਟਰ ਵਰਕਸ ਵਿੱਚ ਜਲ ਸਪਲਾਈ ਦੇ ਕਾਮਿਆਂ ਵੱਲੋਂ ਪੰਜਾਬ ਸਰਕਾਰ ਅਤੇ ਵਿਭਾਗ ਦਾ ਪੁਤਲਾ ਫੁਕ ਕੇ ਰੋਸ਼ ਪ੍ਰਦਰਸ਼ਨ ਕੀਤਾ ਗਿਆ। ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਅੱਜ ਇਥੇ ਜਲ ਸਪਲਾਈ ਦੇ ਕਾਮਿਆਂ ਵਲੋਂ ਪੰਜਾਬ ਸਰਕਾਰ ਤੇ ਵਿਭਾਗੀ ਮੁਖੀ ਜਸਸ ਵਿਭਾਗ ਦਾ ਪੁਤਲਾ ਫੂਕ ਪ੍ਰਦਰਸ਼ਨ ਕੀਤਾ ਗਿਆ ਤੇ ਨਾਅਰੇਬਾਜ਼ੀ ਕੀਤੀ ਗਈ। ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਤਾਜੋਕੇ ਨੇ ਕਿਹਾ ਕਿ ਵਿਭਾਗ ਮੁਖੀ, ਜਸਸ ਵਿਭਾਗ ਵੱਲੋਂ ਬੀਤੇ ਦਿਨੀਂ ਵੀਡਿਓ ਕਾਨਫਰੰਸ ਰਾਹੀਂ ਕਾਰਜਕਾਰੀ ਇੰਜਨੀਅਰਾਂ ਨਾਲ ਮੀਟਿੰਗ ਕਰਕੇ ਇਨਲਿਸਟਮੈਂਟ, ਆਊਟਸੋਰਸ, ਠੇਕੇਦਾਰਾਂ, ਕੰਪਨੀ ਆਦਿ ਰਾਹੀ ਕੰਮ ਕਰਦੇ ਕਾਮਿਆਂ ਨੂੰ ਪਹਿਲਾਂ ਤੋਂ ਮਿਲਦੀਆਂ ਤੈਅ ਸ਼ੁਦਾ ਤਨਖਾਹਾਂ ਨੂੰ ਰੋਕਣ ਦੇ ਆਦੇਸ਼ ਜੁਬਾਨੀ ਦਿੱਤੇ ਗਏ ਹਨ, ਜਿਸ ਕਾਰਨ ਕਾਮਿਆਂ ਦੇ ਘਰਾਂ ਦੇ ਚੁੱਲ੍ਹੇ ਠੰਢੇ ਪੈ ਗਏ ਹਨ।

# ਬਠਿੰਡਾ ਦੇ ਜੈਵੀਰ ਨੇ ਨਾਸਾ ਦੀ ਵਿਸ਼ਵ ਚੈਂਪੀਅਨਸ਼ਿਪ 'ਚ ਕੈਨੇਡਾ ਦੀ ਨੁਮਾਇੰਗੀ ਕੀਤੀ

**ਬਠਿੰਡਾ -ਜਸਵੀਰ ਔਲਖ-**
**-ਰੋਜ਼ਾਨਾ ਸਵੇਰਾ-**

ਇਸ ਜ਼ਿਲ੍ਹੇ ਦੇ ਪਿੰਡ ਮਹਿਮਾ ਸਵਾਈ ਦਾ ਜੈਵੀਰ ਸਿੰਘ ਔਲਖ, ਜੋ ਟੋਰਾਂਟੋ ਦੇ ਸਕੂਲ ਵਿੱਚ ਅੱਠਵੀਂ ਦਾ ਵਿਦਿਆਰਥੀ ਹੈ, ਨੇ ਅਮਰੀਕਾ ਦੇ ਟੈਕਸਸ ਵਿੱਚ ਵੈਕਸ ਰੋਬੋਟਿਕਸ ਵਰਲਡ ਚੈਂਪੀਅਨਸ਼ਿਪ ਵਿੱਚ ਭਾਗ ਲੈ ਕੇ ਜ਼ਿਲ੍ਹੇ ਦਾ ਨਾਮ ਉੱਚਾ ਕੀਤਾ ਹੈ। ਜੈਵੀਰ ਦੇ ਪਿਤਾ ਜਸਬੀਰ ਸਿੰਘ ਔਲਖ ਨੇ ਦੱਸਿਆ ਚੈਂਪੀਅਨਸ਼ਿਪ ਵਿੱਚ 31 ਦੇਸ਼ਾਂ ਨੇ ਹਿੱਸਾ ਲਿਆ। ਚੈਂਪੀਅਨਸ਼ਿਪ ਅਮਰੀਕਾ ਦੀ ਪੁਲਾੜ ਏਜੰਸੀ ਨਾਸਾ ਦੀ ਦੇਖ ਰੇਖ ਵਿਚ ਹੋ ਰਹੀ ਹੈ। ਜੈਵੀਰ ਤੇ ਸਾਥੀਆਂ ਨੇ ਚੈਂਪੀਅਨਸ਼ਿਪ ਵਿਚ ਰੋਬੋਟ ਤਿਆਰ ਕੀਤਾ ਹੈ, ਜੋ ਲੋਕਾਂ ਦੀ ਖਿੱਚ ਦਾ ਕੇਂਦਰ ਹੈ। ਉਨ੍ਹਾਂ ਦੱਸਿਆ ਕਿ ਜੈਵੀਰ ਬਚਪਨ ਤੋਂ ਹੀ ਅਜਿਹਾ ਸ਼ੌਕ ਸੀ, ਜਿਸ ਲਈ ਉਹ ਬਕਾਇਦਾ ਟਰੇਨਿੰਗ ਵੀ ਲੈਂਦਾ ਰਿਹਾ। ਜੈਵੀਰ ਦੇ ਦਾਦਾ ਗੁਰਚਰਨ ਸਿੰਘ ਔਲਖ ਅਤੇ ਦਾਦੀ ਗੁਰਦੀਪ ਕੌਰ ਪੋਤੇ ਦੀ ਪ੍ਰਾਪਤੀ 'ਤੇ ਬਹੁਤ ਖੁਸ਼ ਹਨ।



# ਕਾਮਿਆਂ ਦੀਆਂ ਤੈਅ ਸ਼ੁਦਾ ਤਨਖਾਹਾਂ ਦੀ ਅਦਾਇਗੀ 'ਤੇ ਰੋਕ ਲਗਾਉਣ ਅਤੇ ਬਲੱਡ ਰਿਲੈਸ਼ਨ ਕਾਮਿਆਂ ਨੂੰ ਕੱਢਣ ਦੇ ਜਾਰੀ ਪੱਤਰ ਦੇ ਵਿਰੋਧ 'ਚ ਕੀਤਾ ਅਰਥੀ ਫੂਕ ਪ੍ਰਦਰਸ਼ਨ

**ਭਵਾਨੀਗੜ੍ਹ,**
**-ਰੋਜ਼ਾਨਾ ਸਵੇਰਾ-**

ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਸੂਬਾ ਕਮੇਟੀ ਦੇ ਫੈਸਲੇ ਤਹਿਤ ਅੱਜ ਸਮਾਣਾ ਵਿਖੇ ਜਲ ਸਪਲਾਈ ਦੇ ਕਾਮਿਆਂ ਵਲੋਂ ਪੰਜਾਬ ਸਰਕਾਰ ਅਤੇ ਵਿਭਾਗੀ ਮੁਖੀ ਜਸਸ ਵਿਭਾਗ ਦਾ ਪੂਤਲਾ ਫੁਕ ਕੇ ਰੋਸ਼ ਪ੍ਰਦਰਸ਼ਨ ਕੀਤਾ ਗਿਆ ਅਤੇ ਜੰਮ ਕੇ ਨਾਅਰੇਬਾਜੀ ਕੀਤੀ ਗਈ। ਇਸ ਮੌਕੇ ਜਿਲ੍ਹਾ ਪਟਿਆਲਾ ਬ੍ਰਾਂਚ ਸਮਾਣਾ ਦੇ ਪ੍ਰਧਾਨ ਬਲਕਾਰ ਸਿੰਘ ਕਕਰਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਵਿਭਾਗੀ ਮੁਖੀ, ਜਸਸ ਵਿਭਾਗ ਵੱਲੋਂ ਬੀਤੇ ਦਿਨੀ ਵੀਡਿਓ ਕਾਨਫਰੰਸ ਰਾਹੀਂ ਕਾਰਜਕਾਰੀ ਇੰਜੀਨੀਅਰਾਂ ਨਾਲ ਮੀਟਿੰਗ ਕਰਕੇ ਇਨਲਿਸਟਮੈਂਟ, ਆਊਟਸੋਰਸ, ਠੇਕੇਦਾਰਾਂ,ਕੰਪਨੀ ਆਦਿ ਰਾਹੀ ਕੰਮ ਕਰਦੇ ਕਾਮਿਆਂ ਨੂੰ ਪਹਿਲਾਂ ਤੋਂ ਮਿਲਦੀਆਂ ਤੈਅ ਸ਼ੁਦਾ ਤਨਖਾਹਾਂ ਨੂੰ ਰੋਕਣ ਦੇ ਆਦੇਸ਼ ਜੁਬਾਨੀ ਦੇ ਦਿੱਤੇ ਗਏ ਹਨ, ਜਿਸਦੇ ਕਾਰਨ ਕਾਮਿਆਂ ਨੂੰ ਤਨਖਾਹਾਂ ਨਹੀਂ ਮਿਲਣ ਕਾਰਨ ਘਰਾਂ ਦੇ ਖਰਚੇ ਚੱਲਣੇ ਔਖੇ ਹੋ ਗਏ ਹਨ। ਇਸਦੇ ਨਾਲ ਹੀ ਵਿਭਾਗੀ ਮੁਖੀ ਵਲੋਂ ਹੇਠਲੇ ਅਧਿਕਾਰੀਆਂ ਨੂੰ ਇਕ ਹੋਰ ਪੱਤਰ ਜਾਰੀ ਕੀਤਾ ਹੈ ਕਿ ਇਸ ਵੇਲੇ ਕੰਮ ਕਰ ਰਹੇ ਜਾਂ ਰਿਟਾਇਰ ਹੋ ਚੁੱਕੇ ਕੁਝ ਜਿੰਮੇਵਾਰ ਅਧਿਕਾਰੀਆਂ ਅਤੇ ਕਰਮਚਾਰੀਆਂ ਵਲੋਂ ਆਪਣੇ ਨਜਦੀਕੀਆਂ (ਧੀਆਂ, ਪੁੱਤਰਾਂ, ਭਤੀਜੇ-ਭਤੀਜਆਂ, ਇਤਿਆਦਿ) ਵਿਚੋਂ ਤਕਰੀਬਨ 4000 ਦੇ ਲਗਭਗ ਠੇਕੇਦਾਰ ਬਣਾ ਕੇ ਉਨ੍ਹਾਂ ਨੂੰ ਹਰ ਮਹੀਨੇ 25-30 ਹਜਾਰ ਰੁਪਏ ਦਿੱਤੇ ਜਾ ਰਹੇ ਹਨ ਜੋਕਿ ਇਹ ਪੱਤਰ ਬਿਲਕੁਲ ਝੂਠਾ ਹੈ ਕਿਉਕਿ ਇਨ੍ਹਾਂ ਵਰਕਰਾਂ ਵਿਚ ਨਾਂ ਤਾਂ ਕੋਈ ਰਿਸ਼ਤੇਦਾਰ ਹੈ ਅਤੇ ਨਾ ਹੀ 25-30 ਹਜਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਤੱਕ ਸਹੂਲਤਾਂ ਪਹੁੰਚਾਉਣ ਲਈ ਪੰਜਾਬ ਸਰਕਾਰ ਦੇ ਅਧਿਕਾਰੀਆਂ ਵਲੋਂ ਸਾਨੂੰ ਪਹਿਲਾਂ ਠੇਕੇਦਾਰਾਂ ਅਧੀਨ ਬਤੌਰ ਆਊਟਸੋਰਸ ਮੁਲਾਜਮ ਨਿਗੁਣੀਆਂ ਤਨਖਾਹਾਂ ਤੇ ਭਰਤੀ ਕੀਤਾ ਗਿਆ ਸੀ। ਯੂਨੀਅਨ ਵਲੋਂ ਇਨ੍ਹਾਂ ਕਾਮਿਆਂ ਨੂੰ ਤਜਰਬੇ ਦੇ ਅਧਾਰ 'ਤੇ ਰੈਗੂਲਰ ਹੋਣ ਦੀ ਮੰਗ ਕਰਨੀ ਸ਼ੁਰੂ ਕੀਤੀ ਜੋਕਿ ਸਾਡਾ ਹੱਕ ਹੈ। ਪਰ ਵਿਭਾਗ ਵਲੋਂ ਸਾਡੀ ਨਿੱਜੀ ਮੰਗ ਦਾ ਹੱਲ ਕਰਨ ਦੀ ਬਜਾਏ ਸਾਨੂੰ ਧੱਕੇ ਨਾਲ ਇਨਲਿਸਟਮੈਂਟ 'ਚ ਤਬਦੀਲ ਦਿੱਤਾ ਗਿਆ। ਜਦਕਿ ਸਾਡੀ ਜੱਥੇਬੰਦੀ ਪੰਜਾਬ ਸਰਕਾਰ ਅਤੇ ਵਿਭਾਗ ਤੋਂ ਮੰਗ ਕਰ ਰਹੀ ਹੈ ਕਿ ਇਨਲਿਸਟਮੈਂਟ ਦੇ ਘੇਰੇ ਤੋਂ ਬਾਹਰ ਰੱਖ ਕੇ ਸਾਡੇ ਨਾਲ ਬਤੌਰ ਕਾਮਿਆ ਵਾਲਾ ਵਿਹਾਰ ਕੀਤਾ ਜਾਵੇ। ਅੱਜ ਵੀ ਸਾਡੇ ਸੰਘਰਸ਼ ਦੀ ਇਹ ਪ੍ਰਮੁੱਖ ਮੰਗ ਹੈ। ਇਸ ਤਰ੍ਹਾਂ ਇਨਲਿਸਟਮੈਂਟ ਦੇ ਘੇਰੇ 'ਚ ਸਾਨੂੰ, ਸਾਡੇ ਨਾਲ ਸਮੇਂ ਦੇ ਅਧਿਕਾਰੀਆਂ ਦੀਆਂ ਨਜਦੀਕੀ ਰਿਸ਼ਤੇਦਾਰੀਆਂ ਕਰਕੇ ਨਹੀਂ ਲਿਆਂਦਾ ਗਿਆ, ਸਗੋ ਇਹ ਕੰਮ ਸਾਨੂੰ ਰੈਗੂਲਰ ਕਰਨ ਦੇ ਘੇਰੇ ਤੋਂ ਬਾਹਰ ਕਰਨ ਦੀ ਸਰਕਾਰ ਅਤੇ ਮਹਿਕਮੇ ਦੀ ਲੋੜ ਵਿਚੋਂ ਕੀਤਾ ਗਿਆ। ਸੋ ਸਾਡੀ ਮੰਗ ਮੁਤਾਬਿਕ ਵਿਭਾਗ ਵਲੋਂ ਇਕ ਪੜਤਾਲੀਆਂ ਕਮੇਟੀ ਵੀ ਬਣਾਈ ਗਈ, ਜਿਸਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਇਹ ਪੰਪ ਉਪਰੇਟਰ ਠੇਕੇਦਾਰ ਨਹੀਂ ਹਨ।



GLOBAL DISCOVERY SCHOOLS ™
The School of Tomorrow, for India
Affiliated to CBSE
ਵਧੀਆ ਸਿੱਖਿਆ, ਵਾਜ਼ਿਬ ਫੀਸ
PLAYWAY, LKG
to
+2(MED/NON-MED/COMM)
SPECIAL LECTURES BY EXPERTS
Powered By: SARAF
SARAF EDUBEACON
75298 61000
75298 71000
RAMPURA PHUL

ਖੁਰਾਣਾ ਅੱਖਾਂ ਦਾ ਹਸਪਤਾਲ

ਚਿੱਟੇ ਮੋਤੀਏ ਦਾ ਇਲਾਜ
ਮਾਈਕਰੋ ਫੇਕੋ ਦੀ
ਆਧੁਨਿਕ ਤਕਨੀਕ ਨਾਲ
ਡਾ. ਅਭੈ ਖੁਰਾਣਾ M.S.
ਅੱਖਾਂ ਦੇ ਓਪ੍ਰੇਸ਼ਨਾਂ ਦੇ ਮਾਹਿਰ
· 30000 ਤੋਂ ਵੱਧ ਚਿੱਟੇ ਮੋਤੀਏ ਦੇ ਓਪ੍ਰੇਸ਼ਨਾਂ ਦਾ ਤਜਰਬਾ
· ਅੱਖਾਂ ਦੇ ਪਿਛਲੇ ਪਰਦੇ ਦੇ ਇਲਾਜ ਦੇ ਮਾਹਿਰ
(ਸ਼ਰੌਫ ਹਸਪਤਾਲ ਨਵੀਂ ਦਿੱਲੀ)
ਹਰ ਤਰ੍ਹਾਂ ਦੇ ਇੰਮਪੋਰਟਿਡ ਅਤੇ ਇੰਡੀਅਨ ਲੈਂਜ਼ ਪਾਏ ਜਾਂਦੇ ਹਨ।
ਸਰਕਾਰੀ ਅਤੇ ਪ੍ਰਾਈਵੇਟ ਇੰਸੋਰੈਂਸ ਕਾਰਡ ਰਾਹੀਂ ਇਲਾਜ ਦੀ ਸੁਵਿਧਾ
ਅੱਖਾਂ ਦੀ ਹਰ ਬਿਮਾਰੀ ਦਾ ਨਵੀਨਤਮ ਮਸ਼ੀਨਾਂ ਰਾਹੀਂ ਇਲਾਜ
24 ਘੰਟੇ ਅੱਖਾਂ ਦੀ ਐਮਰਜੈਂਸੀ
ਸਾਹਮਣੇ ਜ਼ਿਲਾ ਪ੍ਰੀਸ਼ਦ, ਜੀ.ਟੀ. ਰੋਡ, ਬਠਿੰਡਾ
M. 91432-00036, 93560-64306

NC7 NEWS (ਹਰ ਖ਼ਬਰ ਤੇ ਨਜ਼ਰ)

www.nc7news.com
NC7 NEWS ™
ਹਰ ਖ਼ਬਰ ਤੇ ਨਜ਼ਰ
nc7newsofficial@gmail.com
ਤਜ਼ਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ
ਪੱਤਰਕਾਰ ਬਣਨ ਲਈ ਸੰਪਰਕ ਕਰੋ
+91 98032 98016